# ਦੇਸ਼ ਦੁਆਬਾ

VOL - 2 ISSUE - 22
February 01-15, 2014
www.deshdoaba.com
www.ambedkartimes.com


ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਤੇ ''ਅਦਾਰਾ ਦੇਸ਼-ਦੁਆਬਾ'' ਅਤੇ ''ਅੰਬੇਦਕਰ ਟਾਈਮਜ਼'' ਵੱਲੋਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਇੰਡੀਅਨ ਕਮਿਊਨਿਟੀ ਸੈਂਟਰ ਮਿਲਪੀਟਸ ਵਿਖੇ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ





ਮਿਲਪੀਟਸ (ਬਿਊਰੋ)- ਭਾਰਤ ਦੇ ਗਣਤੰਤਰ ਦਿਵਸ ਮੌਕੇ ਅਮਰੀਕਾ ਦੀ ਧਰਤੀ ਤੇ ਜਿੱਥੇ ਵੱਖ ਵੱਖ ਸੂਬਿਆਂ ਅਤੇ ਖੇਤਰਾਂ ਵਿਚ ਭਾਰਤੀ ਮੂਲ ਦੇ ਲੋਕਾਂ ਨੇ ਗਣਤੰਤਰ ਦਿਵਸ ਆਪੋ ਆਪਣੇ ਤਰੀਕਿਆਂ ਅਤੇ ਰਵਾਇਤਾਂ ਨਾਲ ਮਨਾਇਆ, ਉਥੇ ਹੀ ਮਿਲਪੀਟਸ ਦੇ ਕਮਿਊਨਿਟੀ ਸੈਂਟਰ ਵਿਖੇ ਮਨਾਏ ਗਏ ਗਣਤੰਤਰ ਦਿਵਸ ਦਾ ਨਜ਼ਾਰਾ ਕੁਝ ਵੱਖਰਾ ਅਤੇ ਦਿਲਕਸ਼ ਰਿਹਾ ਹੈ। ਇਹ ਸਮਾਗਮ ਭਾਰਤੀ ਕੌਂਸਲੇਟ ਸਾਨ-ਫਰਾਂਸਿਸਕੋ *(ਤਸਵੀਰਾਂ ਤੇ ਰਿਪੋਰਟ ਸਫਾ 7 ਤੇ ਦੇਖੋ)*

# ਕੈਲੇਫੋਰਨੀਆ ਇੰਸ਼ੋਰੈਂਸ ਕਮਿਸ਼ਨਰ ਮਿਸਟਰ ਡੇਵ ਜੋਨਜ਼ ਲਈ ਆਉਣ ਵਾਲੀ ਇਲੈਕਸ਼ਨ ਲਈ ਫੰਡ ਰੇਜ਼ ਕੀਤਾ ਗਿਆ










ਮਿਲਪੀਟਸ (ਡੀ. ਡੀ. ਬੀ.)- ਕੈਲੀਫੋਰਨੀਆ ਤੇ ਹੋਰਨਾਂ ਸ਼ਹਿਰਾਂ ਦੀ ਤਰ੍ਹਾਂ ਮਿਲਪੀਟਸ ਵਿਖੇ ਸਵਾਗਤ ਇੰਡੀਅਨ ਕੁਜ਼ੀਨ ਵਿਖੇ ਭਾਰਤ ਦੇ 65ਵੇਂ ਗਣਤੰਤਰ ਦਿਵਸ ਦੇ ਸ਼ੁਭ ਅਵਸਰ ਤੇ ਸਵਰਗੀ ਸ੍ਰੀ ਲਾਹੌਰੀ ਰਾਮ ਕਮਿਸ਼ਨਰ ਦੇ ਸਪੁੱਤਰ ਸ੍ਰੀ ਜਗਦੇਵ ਰਾਮ ਅਤੇ ਅਜੇਪਾਲ ਰਾਮ ਜੀ ਅਤੇ ਉਹਨਾਂ ਦੇ ਸਾਥੀਆਂ ਕਾਂਸਲਮੈਂਬਰ ਐਸ਼ ਕਾਲੜਾ ਅਤੇ ਨਾਮਵਰ ਡਾਕਟਰ ਰਮੇਸ਼ ਜਾਪਰਾ ਜੀ ਆਦਿ ਦੇ ਸਹਿਯੋਗ ਨਾਲ ਇਕ ਵਿਸ਼ੇਸ਼ ਸਮਾਗਮ ਸਵਾਗਤ ਇੰਡੀਆ ਕੁਜ਼ੀਨ ਮਿਲਪੀਟਸ ਵਿਖੇ ਬਾਅਦ ਦੁਪਹਿਰ 3 ਵਜੇ ਤੋਂ 5 ਵਜੇ ਤੱਕ ਕੀਤਾ ਗਿਆ। ਇਹ ਸਮਾਗਮ, ਜਿੱਥੇ ਗਣਤੰਤਰ ਦਿਵਸ ਨੂੰ ਮੁੱਖ ਰੱਖ ਕੇ ਕੀਤਾ ਗਿਆ, ਉਥੇ ਮੁੱਖ ਮਹਿਮਾਨ ਵਜੋਂ ਬੁਲਾਏ ਗਏ ਕੈਲੇਫੋਰਨੀਆ ਇੰਸ਼ੋਰੈਂਸ ਕਮਿਸ਼ਨਰ ਮਿਸਟਰ ਡੇਵ ਜੋਨਜ਼ ਲਈ ਆਉਣ ਵਾਲੀ ਇਲੈਕਸ਼ਨ ਲਈ ਫੰਡ ਰੇਜ਼ ਕੀਤਾ ਗਿਆ, ਜਿਸ ਨੂੰ ਭਰਵਾਂ ਹੁੰਗਾਰਾ ਹੀ ਨਹੀਂ ਮਿਲਿਆ ਬਲਕਿ ਫੰਡਰੇਜ਼ ਕੀਤਾ ਗਿਆ। ਇਸ ਸਮਾਗਮ ਦੌਰਾਨ ਸਟੇਜ *(ਬਾਕੀ ਰਿਪੋਰਟ ਤੇ ਤਸਵੀਰਾਂ ਸਫਾ 6 ਤੇ)*

# ਜਲੰਧਰ ਲੋਕ ਸਭਾ ਹਲਕੇ ਤੋਂ ਅਕਾਲੀਆਂ ਨੇ ਕੀਤੇ ਹੱਥ ਖੜ੍ਹੇ

ਜਲੰਧਰ (ਜੌਰਜ ਮਸੀਹ)- ਲੋਕ ਸਭਾ ਹਲਕਾ ਜਲੰਧਰ ਬਾਰੇ ਅਕਾਲੀ ਹਲਕਿਆਂ ਤੋਂ ਇਹ ਸੰਕੇਤ ਮਿਲੇ ਹਨ ਕਿ ਇਸ ਹਲਕੇ ਵਿੱਚ ਅਕਾਲੀਆਂ ਨੇ ਆਪਣੀ ਹਾਰ ਪਹਿਲਾਂ ਹੀ ਮੰਨ ਲਈ ਹੈ। ਪਤਾ ਲਗਾ ਹੈ ਕਿ ਕੁਝ ਦਿਨ ਹੋਏ ਗਰਮ ਖਿਆਲੀਏ ਅਕਾਲੀਆਂ ਦਾ ਇਕ ਵਫਦ ਜਦ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਣ ਗਿਆ ਤਾਂ ਸ. ਬਾਦਲ ਨੇ ਇਸ ਵਫਦ ਨੂੰ ਪੇਸ਼ਕਸ਼ ਕੀਤੀ ਕਿ ਉਹ ਜਲੰਧਰ ਲੋਕ ਸਭਾ ਹਲਕੇ ਤੋਂ ਆਪਣਾ ਉਮੀਦਵਾਰ ਖੜਾ ਕਰ ਲੈਣ ਜਿਸਦਾ ਸਿੱਧਾ ਅਰਥ ਹੈ ਕਿ ਸ਼੍ਰੋਮਣੀ ਅਕਾਲੀ ਦਲ ਜਲੰਧਰ ਹਲਕੇ ਤੋਂ ਚੋਣ ਨਹੀਂ ਲੜੇਗਾ। ਇਸਦਾ ਹੋਰ ਅਰਥ ਇਹ ਕਢਿਆ ਜਾ ਸਕਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਹਲਕੇ ਤੋਂ ਚੋਣ ਜਿਤਣ ਦੀ ਉਮੀਦ ਨਹੀਂ। ਇਥੇ ਇਹ ਵਰਣਨਯੋਗ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਪਦ ਦੇ ਉਮੀਦਵਾਰ ਸ੍ਰੀ ਨਰਿੰਦਰ ਮੋਦੀ ਦੀ ਪਠਾਣਕੋਟ ਫੇਰੀ ਸਮੇਂ ਉਹਨਾਂ ਨੂੰ ਵਿਸ਼ਵਾਸ ਦੁਆਇਆ ਸੀ ਕਿ ਉਹ ਪੰਜਾਬ ਦੀਆਂ 13 ਦੀਆਂ 13 ਸੀਟਾਂ ਜਿੱਤ ਕੇ ਉਹਨਾਂ ਦੀ ਝੋਲੀ ਵਿੱਚ ਪਾਉਣਗੇ। ਹੁਣ ਜਲੰਧਰ ਹਲਕੇ ਦੀ ਸੀਟ ਗਰਮ ਖਿਆਲੀਏ ਅਕਾਲੀਆਂ ਦੇ ਪੱਲੇ ਪਾਉਣ ਦਾ ਅਰਥ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਇਸ ਹਲਕੇ ਤੋਂ ਚੋਣ ਜਿੱਤਣ ਦੀ ਆਸ ਛੱਡ ਬੈਠੇ ਹਨ ਕਿਉਂਕਿ ਬਾਦਲ ਸਮੇਤ ਸਾਰਾ ਜੱਗ ਜਾਣਦਾ ਹੈ ਕਿ ਇਸ ਹਲਕੇ ਤੋਂ ਗਰਮ ਖਿਆਲੀਏ ਅਕਾਲੀ ਚੋਣ ਨਹੀਂ ਜਿੱਤ ਸਕਦੇ। ਪੰਜਾਬ ਦਾ ਜਲੰਧਰ ਹਲਕਾ ਸ਼ੁਰੂ ਤੋਂ ਹੀ ਕਾਂਗਰਸੀਆਂ ਦਾ ਗੜ੍ਹ ਰਿਹਾ ਹੈ- ਇਥੋਂ ਕੇਵਲ ਇਕ ਵਾਰੀ ਹੀ ਅਕਾਲੀ ਜਿੱਤੇ ਹਨ ਉਹ ਵੀ ਐਮਰ-ਜੈਂਸੀ ਦੇ ਸਮੇਂ ਜਦਕਿ ਇਕਬਾਲ ਸਿੰਘ ਢਿਲੋਂ ਜਨਤਾ ਪਾਰਟੀ ਦੀ ਟਿਕਟ ਤੇ ਜਿੱਤੇ ਸਨ। 2 ਵਾਰੀ ਸਵਰਗੀ ਇੰਦਰ ਕੁਮਾਰ ਗੁਜਰਾਲ ਜਨਤਾ ਦਲ ਦੇ ਟਿਕਟ ਤੇ ਜਿੱਤੇ ਸਨ। ਇਸ ਹਲਕੇ ਤੋਂ ਅਕਾਲੀ ਉਮੀਦਵਾਰ ਕਦੇ ਨਹੀਂ ਜਿਤਿਆ। ਇਸ ਵਾਰੀ ਵੀ ਅਕਾਲੀ ਉਮੀਦਵਾਰ ਦੇ ਜਿੱਤਣ ਦੀ ਆਸ ਨਹੀਂ ਇਸੇ ਕਰਕੇ ਹੀ ਸ. ਪ੍ਰਕਾਸ਼ ਸਿੰਘ ਬਾਦਲ ਇਹ ਹਲਕਾ ਗਰਮ ਖਿਆਲੀਆਂ ਦੇ ਗੱਲ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਵੀ ਪਤਾ ਲੱਗਿਆ ਹੈ ਗਰਮ ਖਿਆਲੀਏ ਅਕਾਲੀ ਵੀ ਇਸ ਹਲਕੇ ਤੋਂ ਚੋਣ ਲੜਨ ਦੇ ਜ਼ਿਆਦਾ ਹੱਕ ਵਿੱਚ ਨਹੀਂ ਹਨ। ਪਰ ਇਹ ਵੀ ਪਤਾ ਲੱਗਾ ਹੈ ਕਿ ਗਰਮ ਖਿਆਲੀਏ ਅਕਾਲੀ 'ਆਪ' ਨਾਲ ਸਮਝੌਤਾ ਕਰ ਸਕਦੇ ਹਨ। ਪਰ ਜਦ ਤੱਕ ਚੋਣਾਂ ਹੋਣੀ ਹਨ ਤਦ ਤੱਕ 'ਆਪ' ਦੀ ਆਪਣੀ ਫੂਕ ਕਾਫੀ ਹੱਦ ਨਿਕਲ ਚੁੱਕੀ ਹੋਵੇਗੀ। ਜੇਕਰ ਭਾਜਪਾ ਵੀ ਇਸ ਸੀਟ ਤੇ ਚੋਣ ਲੜਦੀ ਹੈ ਤਾਂ ਇਹ ਕਾਂਗਰਸ ਦੀ ਜਿੱਤ ਨਿਸ਼ਚਿਤ ਕਰਨ ਵਾਲੀ ਹੀ ਗੱਲ ਹੋਵੇਗੀ। ਪਿਛੇ ਜਹੇ ਇੰਡੀਆ ਟੂ-ਡੇ ਅਤੇ ਹੋਰ ਮੀਡੀਆ ਨੇ ਅਨੁਮਾਨ ਦਿੱਤਾ ਸੀ ਕਿ ਪੰਜਾਬ ਵਿੱਚ ਅਕਾਲੀ ਭਾਜਪਾ ਗਠਜੋੜ ਸਤ ਲੋਕ ਸਭਾ ਸੀਟਾਂ ਜਿਤੇਗਾ ਪਰ ਸਾਡਾ ਅਨੁਮਾਨ ਹੈ ਕਿ ਇਹ ਗਠਜੋੜ ਮੁਸ਼ਕਿਲ ਨਾਲ ਛੇ ਸੀਟਾਂ ਹੀ ਜਿੱਤੇਗਾ। ਪੰਜਾਬ ਵਿੱਚ ਇਸ ਸਮੇਂ ਮੋਦੀ ਵਿਰੋਧੀ ਹਨੇਰੀ ਚਲ ਰਹੀ ਹੈ।



ਇਥੇ ਵਰਣਨਯੋਗ ਹੈ ਕਿ ਇਸ ਹਨੇਰੀ ਕਾਰਨ ਮੋਗਾ ਵਿੱਚ ਹੋਣ ਵਾਲੀ ਮੋਦੀ ਰੈਲੀ ਰੋਕ ਦਿੱਤੀ ਗਈ ਸੀ। ਅਕਾਲੀ ਦਲ ਮਾਨ ਨੇ ਐਲਾਨ ਕੀਤਾ ਸੀ ਕਿ ਮੋਦੀ ਨੂੰ ਪੰਜਾਬ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ। ਇਸਦੇ ਨਾਲ ਹੀ ਪੰਜਾਬ ਕਾਂਗਰਸ ਨੇ ਵੀ ਮੋਦੀ ਨੂੰ ਪੰਜਾਬ ਵਿੱਚ ਆਉਣ ਤੋਂ ਰੋਕਣ ਲਈ ਮਾਨ ਅਕਾਲੀ ਦੇ ਸ਼ਬਦਾਂ ਦੀ ਹੀ ਵਰਤੋਂ ਕੀਤੀ ਸੀ। ਮੋਗਾ ਰੈਲੀ ਇਹ ਆਖ ਕੇ ਮੁਤਲਵੀ ਕਰ ਦਿੱਤੀ ਗਈ ਸੀ ਕਿ ਮੋਦੀ ਫਰਵਰੀ ਵਿੱਚ ਪੰਜਾਬ ਆਉਣਗੇ। ਪਰ ਹਾਲੇ ਤੱਕ ਕੋਈ ਉਘ ਸੁਘ ਨਹੀਂ ਲੱਗ ਸਕੀ ਕਿ ਮੋਗੀ ਕੱਦ ਪੰਜਾਬ ਆਉਣਗੇ।




MAJESTIC HOMES

RAMESH SUMAN
Broker Realtor
RCS-D™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

SAROAY INVESTMENT REALTY

39039 Paseo Padre Parkway Suite # 205 Fremont, CA 94538




Ram Saroay
Broker

Office: (510) 742-8120, Fax: (510) 742-8121
ramsaroay@hotmail.com

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।। ਕਨਕ ਕਟਿਕ ਜਲ ਤਰੰਗ ਜੈਸਾ।।
ਸਾਧਨ ਮੇਂ ਰਵਿਦਾਸ ਸੰਤ ਹੈ ਸੁਪਚ ਰਿਸ਼ੀ ਸੋ ਮਾਨਿਆ।। ਹਿੰਦੂ ਤੁਰਕ ਦੁਈ ਦੀਨ ਬਨੇ ਹੈ ਕਛੁ ਨਹੀਂ ਪਹਿਚਾਨਿਆ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਫਰਵਰੀ 23 ਨੂੰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ


ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ


ਸ੍ਰੀ ਗੁਰੂ ਰਵਿਦਾਸ ਜੀ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 23, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ 21 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ**
**22 ਫਰਵਰੀ ਨੂੰ ਸ਼ਾਮੀ 4 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ**
**ਭੋਗ ਸ੍ਰੀ ਅਖੰਡ ਪਾਠ ਸਾਹਿਬ 23 ਫਰਵਰੀ ਐਤਵਾਰ, ਸਵੇਰੇ 9.30 ਵਜੇ**

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

**21 ਤੇ 22 ਫਰਵਰੀ ਨੂੰ ਸ਼ਾਮੀ 5-30 ਵਜੇ ਆਰਤੀ ਹੋਵੇਗੀ**

**ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ**

## ਭਾਈ ਕੁਲਵਿੰਦਰ ਸਿੰਘ (ਹੈਡ ਗ੍ਰੰਥੀ)

ਗੁਰੂ ਘਰ ਦਾ ਫੋਨ ਨੰਬਰ **530-674-2564**

## ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)

**530-713-1823**

## ਸਮੂਹ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ

**1480 Hayne Ave, Yuba City CA 95993**

# ਚਾਪਲੂਸ ਲੋਕ ਆਪਣੀਆਂ ਕੌਮਾਂ ਦਾ ਵਧੇਰੇ ਨੁਕਸਾਨ ਕਰਦੇ ਹਨ-ਸਤਨਾਮ ਸਿੰਘ ਚਾਹਲ



ਨਵੀਂ ਦਿਲੀ- ਹਰ ਇਕ ਕੌਮ ਵਿਚ ਮੌਜੂਦ ਚਾਪਲੂਸ ਤੇ ਖੁਦਗਰਜ ਲੋਕ ਆਪਣੀਆਂ ਕੌਮਾਂ ਦਾ ਵਧੇਰੇ ਨੁਕਸਾਨ ਕਰਦੇ ਰਹਿੰਦੇ ਹਨ ਜਿਸ ਦੀ ਪੂਰਤੀ ਹੋ ਸਕਣਾ ਅਸੰਭਵ ਬਣ ਜਾਂਦਾ ਹੈ।ਇਹ ਗਲ ਅਜ ਇਥੇ ਨਾਰਥ ਅਮਰੀਕਨ ਪੰਜਾਬੀ ਐਸ਼ੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਉਹਨਾਂ ਦੇ ਸਨਮਾਨ ਵਿਚ ਸਥਾਨਕ ਸਫਦਰਗੰਜ ਕਲੱਬ ਵਿਖੇ ਕਰਵਾਏ ਗਏ ਇਕ ਸਮਾਗਮ ਵਿਚ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆ ਕਹੇ। ਸ: ਚਾਹਲ ਨੇ ਕਿਹਾ ਕਿ ਅਜ ਗੁਜਰਾਤ ਦੇ ਸਿਖ ਕਿਸਾਨਾਂ ਨੂੰ ਉਸ ਰਾਜ ਦੀ ਸਰਕਾਰ ਜਿਥੇ ਉਜਾੜਨ ਤੇ ਤੁਲੀ ਹੋਈ ਹੈ ਉਥੇ ਸਰਕਾਰ ਇਸ ਸਬੰਧੀ ਗਲਤ ਤੱਥ ਪੇਸ਼ ਕਰਕੇ ਦੇਸ਼ ਵਾਸੀਆਂ ਨੂੰ ਗੁੰਮਰਾਹ ਵੀ ਕਰ ਰਹੀ ਹੈ।ਸਮਾਗਮ ਨੂੰ ਸੰਬੋਧਨ ਕਰਦਿਆਂ ਭਾਜਪਾ ਆਗੂ ਸ਼੍ਰੀ ਰਾਜੀਵ ਮਲਹੋਤਰਾ ਨੇ ਸ: ਚਾਹਲ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਜਲਦੀ ਹੀ ਇਸ ਬਾਰੇ ਭਾਜਪਾ ਦੇ ਸੀਨੀਅਰ ਆਗੂ ਸ਼੍ਰੀ ਅਰੁਣ ਜੇਤਲੀ ਨਾਲ ਗਲਬਾਤ ਕਰਕੇ ਇਸ ਸਮੱਸਿਆ ਦਾ ਹੱਲ ਸਿਖ ਕਿਸਾਨਾਂ ਦੀ ਤਸੱਲੀ ਲਈ ਕੱਢਣਗੇ। ਸਮਾਗਮ ਨੂੰ ਸੰਬੋਧਨ ਕਰਦਿਆਂ ਭਾਰਤ ਸਰਕਾਰ ਦੇ ਸਾਬਕਾ ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਸ਼੍ਰੀ ਡੀ.ਸੀ ਨਾਥ ਨੇ ਕਿਹਾ ਕਿ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਨ (ਨਾਪਾ) ਨੇ ਪਿਛਲੇ ਪੰਜ ਸਾਲ ਦੌਰਾਨ ਸੰਸਥਾ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਦੀ ਅਗਵਾਈ ਵਿਚ ਜੋ ਸੇਵਾ ਕੀਤੀ ਹੈ ਉਸ ਨਾਲ ਇਸ ਸੰਸਥਾ ਪ੍ਰਤੀ ਲੋਕਾਂ ਦਾ ਮਾਣ ਸਤਿਕਾਰ ਬਹੁਤ ਵਧਿਆ ਹੈ।ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਭਾਰਤੀ ਰੇਲਵੇ ਦੇ ਸਾਬਕਾ ਜਨਰਲ ਮੈਨੇਜਰ ਸ਼੍ਰੀ ਆਰ. ਕੇ. ਉਪਾਧਿਆਏ, ਜੇ.ਭਟਾਚਾਰਜੀ, ਉਘੇ ਸਮਾਜ ਸੇਵੀ ਤੇ ਲੇਖਕ ਸ਼ੀ ਮੋਹਨ ਸੇਠੀ ਤੇ ਸਿੰਘ ਸਭਾ ਦੇ ਪਰਧਾਨ ਸੂਰੀ ਸਾਹਿਬ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸ: ਚਾਹਲ ਨੂੰ ਇਕ ਸਨਮਾਨ ਰੂਪੀ ਤੋਹਫਾ ਦੇ ਕੇ ਸਨਮਾਨਤ ਵੀ ਕੀਤਾ ਗਿਆ।

# ਮੁਖੀਏ ਨੇ ਲੜਕੀ ਦਾ 13 ਪਿੰਡ ਵਾਲਿਆਂ ਤੋਂ ਕਰਵਾਇਆ ਰੇਪ

ਸੂਰੀ- ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ ਵਿਚ 20 ਸਾਲ ਦੀ ਇਕ ਆਦਿਵਾਸੀ ਲੜਕੀ ਦਾ ਕਥਿਤ ਤੌਰ ਤੇ 13 ਲੋਕਾਂ ਨੇ ਗੈਂਗਰੇਪ ਕੀਤਾ। ਉਸ ਦੇ ਨਾਲ ਇਹ ਜ਼ਿਆਦਤੀ ਪੰਚਾਇਤ ਦੇ ਫੁਰਮਾਨ ਤੇ ਕੀਤੀ ਗਈ। ਘਟਨਾ ਸ਼ਾਂਤੀ ਨਿਕੇਤਨ ਤੋਂ ਕੇਵਲ 25 ਕਿਲੋਮੀਟਰ ਦੀ ਦੂਰੀ ਤੇ ਸਥਿਤ ਲਾਭਪੁਰ ਥਾਣੇ ਅਧੀਨ ਸੁਬਲਪੁਰ ਪਿੰਡ ਦੀ ਹੈ। ਲੜਕੀ ਦਾ ਦੂਜੇ ਪਿੰਡ ਦੇ ਲੜਕੇ ਨਾਲ ਪ੍ਰੇਮ ਸਬੰਧ ਚੱਲ ਰਿਹਾ ਸੀ। ਉਸਨੂੰ ਇਸ ਦੀ ਸਜ਼ਾ ਦਿੱਤੀ ਗਈ। ਮੁਖੀਏ ਨੇ ਲੜਕੇ ਨੂੰ ਰਾਤ ਭਰ ਕੈਦ ਰੱਖਿਆ ਅਤੇ ਲੜਕੇ ਨੂੰ ਸਵੇਰੇ 25 ਹਜ਼ਾਰ ਰੁਪਏ ਜੁਰਮਾਨਾ ਭਰਨ ਦੇ ਲਈ ਕਹਿ ਕੇ ਛੱਡ ਦਿੱਤਾ। ਪੁਲਿਸ ਦਾ ਕਹਿਣਾ ਹੈ ਕਿ ਘਟਨਾ ਦੇ 11 ਦੋਸ਼ੀ ਪਕੜੇ ਗਏ ਹਨ। ਇਹਨਾਂ ਵਿਚ ਪਿੰਡ ਦੇ ਕਬਾਇਲੀ ਸਮਾਜ ਦਾ ਮੁਖੀ ਵੀ ਸ਼ਾਮਲ ਹੈ। ਦੱਸਿਆ ਜਾਂਦਾ ਹੈ ਕਿ ਮੁਖੀਏ ਨੇ ਹੀ ਬਤੌਰ ਸਜ਼ਾ ਲੜਕੀ ਨਾਲ ਗੈਂਗਰੇਪ ਕਰਨ ਦਾ ਆਦੇਸ਼ ਜਾਰੀ ਕੀਤਾ।

**ਚਾਰ ਸਾਲ ਪਹਿਲਾਂ ਇਕ ਲੜਕੀ ਨੂੰ ਨੰਗੀ ਕਰਕੇ ਘੁੰਮਾਇਆ ਸੀ।**

ਬੀਰਭੂਮ ਵਿਚ ਹੀ ਚਾਰ ਸਾਲ ਪਹਿਲਾਂ ਦੂਜੇ ਫਿਰਦੇ ਕੇ ਲੜਕੇ ਨਾਲ ਪ੍ਰੇਮ ਕਰਨ ਦੀ ਸਜ਼ਾ ਇਕ ਨਾਬਾਲਗ




ਲੜਕੀ ਨੂੰ ਦਿੱਤੀ ਗਈ ਸੀ। ਉਸਨੂੰ ਨੰਗਾ ਕਰਕੇ ਪਿੰਡ ਵਿਚ ਹੀ ਘੁੰਮਾਇਆ ਗਿਆ ਸੀ। ਇਕ ਵਾਰ ਫਿਰ ਇਸ ਜ਼ਿਲ੍ਹੇ ਵਿਚ ਗੈਰ ਮਨੁੱਖੀ ਘਟਨਾ ਹੋਈ ਹੈ। ਇਸ ਵਾਰ ਵੀ ਨਾਬਾਲਗ ਨਾਲ ਹੀ ਗੈਂਗ ਰੇਪ ਹੋਇਆ ਹੈ। ਉਹ ਵੀ ਪੰਚਾਇਤ ਦੇ ਫੈਸਲੇ ਤੇ। ਨਾਬਾਲਗ ਦਾ ਦੋਸ਼ ਇਸ ਵਾਰ ਵੀ ਉਹੀ ਸੀ, ਕਿਸੇ ਗੈਰ ਬਿਰਾਦਰੀ ਦੇ ਲੜਕੇ ਨਾਲ ਪ੍ਰੇਮ।

**ਆਪਬੀਤੀ ਜੋ ਪੀੜਤ ਦੀ ਮਾਂ ਨੇ ਦੱਸੀ**

ਲੜਕੀ ਇਸ ਸਮੇਂ ਹਸਪਤਾਲ ਵਿਚ ਹੈ। ਉਸਦੀ ਦੇਖਭਾਲ ਕਰ ਰਹੀ ਮਾਂ ਦੇ ਮੁਤਾਬਕ, ਮੇਰੀ ਲੜਕੀ ਦੀ ਦੂਜੇ ਪਿੰਡ ਦੇ ਇਕ ਲੜਕੇ ਨਾਲ ਜਾਣ ਪਹਿਚਾਣ ਸੀ। ਸੋਮਵਾਰ ਨੂੰ ਉਹ ਲੜਕਾ ਮੇਰੇ ਘਰ ਆਇਆ। ਉਦੋਂ ਹੀ ਪਿੰਡ ਵਾਲਿਆਂ ਨੂੰ ਇਸ ਬਾਰੇ ਪਤਾ ਲੱਗਿਆ। ਉਹਨਾਂ ਨੇ ਲੜਕੇ ਨੂੰ ਪੂਰੀ ਰਾਤ ਪਿੰਡ ਦੇ ਦੂਜੇ ਘਰ ਦੇ ਇਕ ਕਮਰੇ ਵਿਚ ਕੈਦ ਰੱਖਿਆ। ਕੁਝ ਪਿੰਡ ਵਾਲੇ ਮੇਰੇ ਘਰ ਆਏ ਅਤੇ ਮੇਰੀ ਲੜਕੀ ਨੂੰ ਆਪਣੇ ਨਾਲ ਲਿਜਾਣ ਲਈ ਕਹਿ ਣਲੱਗੇ। ਉਹਨਾਂ ਨੇ ਦੱਸਿਆ ਕਿ ਉਸਦੇ ਖਿਲਾਫ ਸੁਣਵਾਈ ਹੋਵੇਗੀ। ਮੇਰੇ ਪਤੀ ਅਤੇ 15 ਸਾਲ ਦਾ ਬੇਟਾ ਆਪਣੀ ਬੇਟੀ ਦੇ ਨਾਲ ਗਏ। ਪਿੰਡ ਵਾਲਿਆਂ ਨੇ ਚੌਰਾਹੇ ਤੇ ਲੜਕੇ ਅਤੇ ਮੇਰੀ ਲੜਕੀ ਨੂੰ ਇਕ ਦਰਖਤ ਨਾਲ ਬੰਨ੍ਹ ਦਿੱਤਾ।

# ਥੈਲੇਸੀਮੀਆ ਦੇ ਖ਼ਿਲਾਫ਼ ਅਲਖ ਜਗਾਉਂਦੀ 'ਸੁਖ ਬਰਾੜ'

ਹੁਸ਼ਿਆਰਪੁਰ- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਨੇ ਅੱਜ ਥੈਲੇਸੀਮੀਆ ਦੇ ਖ਼ਿਲਾਫ਼ ਕੋਟਕਪੂਰੇ ਤੋਂ ਪੈਦਲ ਯਾਤਰਾ ਤੇ ਨਿਕਲੀ ਪੰਜਾਬ ਦੀ ਧੀ ਸੁਖ ਬਰਾੜ ਦਾ ਹੁਸ਼ਿਆਰਪੁਰ ਪੁੱਜਣ ਤੇ ਭਰਵਾਂ ਸਵਾਗਤ ਕੀਤਾ।ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਦੇ ਗ੍ਰਹਿ ਵਿਖੇ ਸੁਖ ਬਰਾੜ ਨੇ ਹਾਜ਼ਰ ਮੈਂਬਰਾਂ ਨੂੰ ਥੈਲੇਸੀਮੀਆ ਦੀ ਬਿਮਾਰੀ ਬਾਰੇ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਇਹ ਇੱਕ ਭਿਆਨਕ ਬਿਮਾਰੀ ਹੈ ਜੋ ਜੀਨਾਂ ਦੇ ਅਨੁਪਾਤ ਦੇ ਵਿਗੜਨ ਨਾਲ ਹੋ ਜਾਂਦੀ ਹੈ।ਇਹ ਅੱਗੋਂ ਮਾਪਿਆਂ ਤੋਂ ਬੱਚਿਆਂ ਨੂੰ ਵੀ ਪਹੁੰਚ ਜਾਂਦੀ ਹੈ।ਥੈਲੇਸੀਮੀਆ ਮੇਜ਼ਰ ਬਿਮਾਰੀ ਵਾਲਾ ਮਰੀਜ਼ ਤੀਹ ਸਾਲ ਦੀ ਉਮਰ ਵਿਚ ਹੀ ਦਮ ਤੋੜ ਜਾਂਦਾ ਹੈ।ਭਾਰਤ ਵਿਚ ਇਹ ਬਿਮਾਰੀ ਸਿਕੰਦਰ ਮਹਾਨ ਦੀ ਫ਼ੌਜ ਨੇ ਲਿਆਂਦੀ ਸੀ।ਇਲਾਜ ਲੱਖਾਂ ਰੁਪਿਆਂ ਦਾ ਹੋਣ ਕਰਕੇ ਆਮ ਬੰਦਾ ਇਲਾਜ਼ ਬੇਹੁਣਾ ਹੀ ਰਹਿ ਜਾਂਦਾ ਹੈ।ਮੈਂ ਇੱਕ ਜਨਵਰੀ ਤੋਂ ਕੋਟਕਪੂਰੇ ਤੋਂ ਪੈਦਲ ਯਾਤਰਾ




ਰਾਹੀਂ ਮਾਝੇ ਦੇ ਵੱਖ ਸ਼ਹਿਰਾਂ ਵਿਚ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਤੇ ਆਮ ਲੋਕਾਂ ਨੂੰ ਇਸ ਬਿਮਾਰੀ ਬਾਰੇ ਜਾਗਰੂਕ ਕਰਦੀ ਹੋਈ ਹੁਸ਼ਿਆਰਪੁਰ ਤੋਂ ਚੰਡੀਗੜ੍ਹ ਅਤੇ ਚੰਡੀਗੜ੍ਹ ਮਾਲਵੇ ਦੇ ਵੱਖ ਸ਼ਹਿਰਾਂ ਵਿਚੀਂ ਹੁੰਦੀ ਹੋਈ ਵਾਪਸ ਕੋਟਕਪੂਰੇ ਪਹੁੰਚਾਂਗੀ। ਸਾਹਿਤ ਸਭਾ ਦੇ ਪ੍ਰਧਾਨ ਡਾ. ਕਰਮਜੀਤ ਸਿੰਘ ਨੇ ਸੁਖ ਬਰਾੜ ਦੇ ਕੰਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਸੁਖ ਦੇ ਇਸ ਮਿਸ਼ਨ ਨੂੰ ਸਲਾਮ ਕਰਨੀ ਬਣਦੀ ਹੈ। ਭਰੁਣ ਹੱਤਿਆ ਦੀ ਬਿਮਾਰੀ ਨਾਲ ਜੂਝ ਰਹੇ ਪੰਜਾਬ ਦੀ ਦਲੇਰ ਧੀ ਹੀ ਇਸ ਕੰਮ ਲਈ ਅੱਗੇ ਆਈ ਹੈ।ਇਸ ਨਾਲ ਲੋਕ ਜਾਗਰੂਕ ਹੋਣਗੇ ਅਤੇ ਸਰਕਾਰੇ ਦਰਬਾਰੇ ਵੀ ਗੱਲ ਪਹੁੰਚੂਗੀ।ਨੌਜਵਾਨ ਕੁੜੀ ਦੀਆਂ ਭਾਵਨਾਵਾਂ ਨੂੰ ਹੱਲਾਸ਼ੇਰੀ ਦੇਣ ਲਈ ਸਾਨੂੰ ਵੀ ਉਸ ਨਾਲ ਕਦਮ ਮਿਲਾ ਤੁਰਨ ਦੀ ਜਰੂਰਤ ਹੈ।ਇਸ ਮੌਕੇ ਸੁਖ ਬਰਾੜ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਮੀਟਿੰਗ ਵਿਚ ਕੁਲਤਾਰ ਸਿੰਘ, ਮਦਨਵੀਰਾ, ਪ੍ਰਿੰ. ਦਾਸ ਭਾਰਤੀ, ਗੁਰਦਿਆਲ ਸਿੰਘ ਗਗਨੌਲੀ, ਜੀਵਨ ਸਿੰਘ, ਸਤਪਾਲ ਸਿੰਘ, ਮੈਡਮ ਬਬੀਤਾ ਰਾਣੀ, ਮਨਜੀਤ ਕੌਰ, ਜਸਵਿੰਦਰ ਕੌਰ ਆਦਿ ਹਾਜਰ ਸਨ।

**-ਰਿਪੋਰਟ: ਡਾ. ਜਸਵੰਤ ਰਾਏ**
**ਜਨਰਲ ਸਕੱਤਰ, ਪੰ. ਸਾਹਿਤ ਸਭਾ ਹੁਸ਼ਿਆਰਪੁਰ (ਰਜਿ.)**


ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਮਾਰਚ 2, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਆਰੰਭ ਸ੍ਰੀ ਅਖੰਡ ਪਾਠ ਸਾਹਿਬ 28 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ
1 ਮਾਰਚ (ਦਿਨ ਸ਼ਨੀਚਰਵਾਰ) ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 2 ਮਾਰਚ ਐਤਵਾਰ, ਸਵੇਰੇ 9.30 ਵਜੇ

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ

559-486-3091

ਸਮੂਹ ਪ੍ਰਬੰਧਕ ਕਮੇਟੀ

Shri Guru Ravidass Sabha (CV) Fresno (California)
5025 S. Cherry Ave., Fresno (California) 93706

# Sam's Auto Repair & Services

**Professional Auto Repairs & Services**
**BRAKE & LAMP INSPECTION**
**Domestic & Foreign Cars**

**STAR CERTIFIED TEST & REPAIR STATION**

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।

**649 West Elkhorn Blvd, Suite B**
**Rio Linda, CA 95673**
**(916) 992-9004**


# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਕਾਰਜਕਾਰਨੀ ਮੈਬਰਾਂ ਦੀ ਮੀਟਿੰਗ

ਕੈਲੇਫੋਰਨੀਆ-

ਇੱਕ ਮਾਂ ਜਿਸਨੇ ਪੈਦਾ ਕਰ, ਦੁਨੀਆਂ ਇਹ ਦਿਖਲਾਈ।
ਦੂਜੀ ਮਾਂ-ਬੋਲੀ ਪੰਜਾਬੀ, ਜਿਸ ਨੇ ਅਕਲ ਸਿਖਾਈ।
ਹੱਸੋ, ਖੇਡੋ, ਅੰਬਰ ਛੂਹੋ, ਹਰ ਇਕ ਪਿੜ ਦੇ ਅੰਦਰ,
ਮਾਂ-ਬੋਲੀ ਨਾਂ ਭੁੱਲ 'ਥਰੀਕੇ' ਏਸੇ ਵਿਚ ਵਡਿਆਈ।


ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਕਾਰਜਕਾਰਨੀ ਮੈਬਰਾਂ ਦੀ ਮੀਟਿੰਗ ਐਤਵਾਰ 12 ਜਨਵਰੀ, 2014 ਨੂੰ ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਦੀ ਪ੍ਰਧਾਨਗੀ ਹੇਠ, ਉਨ੍ਹਾਂ ਦੇ ਗ੍ਰਹਿ ਵਿਖੇ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਹੋਈ। ਇਸ ਮੀਟਿੰਗ ਵਿਚ ਕਾਰਜਕਾਰਨੀ ਦੇ ਮੈਬਰਾਂ, ਪ੍ਰਧਾਨ ਦਿਲ ਨਿੱਜਰ, ਵਾਈਸ ਪ੍ਰਧਾਨ ਜੋਤੀ ਸਿੰਘ, ਸੈਕਟਰੀ ਜਸਵੰਤ ਸ਼ੀਂਮਾਰ, ਖਜ਼ਾਨਚੀ ਜੀਵਨ ਰੱਤੂ, ਸਾਹਿਤ ਸਕੱਤਰ ਇੰਦਰਜੀਤ ਗਰੇਵਾਲ ਥਰੀਕੇ, ਅਤੇ ਸਭਾ ਦੇ ਬੋਰਡ ਆਫ਼ ਡਾਇਰੈਕਟਰਜ਼: ਮਹਿੰਦਰ ਸਿੰਘ ਘੱਗ ਅਤੇ ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਭਾਗ ਲਿਆ। ਸਭਾ ਦੇ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ ਸਿਹਤ ਠੀਕ ਨਾ ਹੋਣ ਕਰਕੇ ਅਤੇ ਤਾਰਾ ਸਾਗਰ ਕਿਸੇ ਜ਼ਰੂਰੀ ਕੰਮ ਕਾਰਨ ਸ਼ਾਮਿਲ ਨਹੀਂ ਹੋ ਸਕੇ।

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਪ੍ਰਧਾਨ ਨੇ ਸਭ ਤੋਂ ਪਹਿਲਾਂ ਸਭਾ ਦੇ ਸਾਰੇ ਸਾਲ ਦੇ ਕੀਤੇ ਕੰਮਾਂ ਤੇ ਚਾਨਣਾ ਪਾਇਆ। ਇਸ ਦੇ ਨਾਲ ਹੀ ਸਭਾ ਦੇ ਪੰਜਵੇਂ ਡਾਇਰੈਕਟਰ ਲਈ ਕਈ ਸੀਨੀਅਰ ਸਾਹਿਤਕਾਰਾਂ ਦੇ ਨਾਵਾਂ ਤੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ 'ਜਸ ਫ਼ਿਜ਼ਾ' ਨੂੰ ਸਰਬਸੰਮਤੀ ਨਾਲ ਸਭਾ ਦਾ ਪੰਜਵਾਂ ਡਾਇਰੈਕਟਰ ਚੁਣ ਲਿਆ ਗਿਆ। ਉਪਰੰਤ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਸਾਲਾਨਾ ਕਾਨਫ਼ਰੰਸ ਕਰਵਾਉਣ ਤੇ ਵਿਚਾਰ ਕਰਨ ਤੋਂ ਬਾਅਦ, ਇਹ ਕਾਨਫ਼ਰੰਸ 25 ਮਈ, 2014 ਦਿਨ ਐਤਵਾਰ ਨੂੰ ਸੈਕਰਾਮੈਂਟੋ ਵਿਖੇ ਕਰਵਾਉਣ ਦਾ ਨਿਰਣਾ ਲਿਆ ਗਿਆ। ਸਾਰੇ ਮੈਬਰਾਂ ਵਲੋਂ ਇਸ ਕਾਨਫ਼ਰੰਸ ਦੀ ਰੂਪ-ਰੇਖਾ ਅਤੇ ਪ੍ਰਬੰਧਕੀ ਤਿਆਰੀਆਂ ਬਾਰੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਨਾਲ ਹੀ ਸੋਵੀਨੀਰ ਛਪਵਾਉਣ ਦਾ ਫੈਸਲਾ ਕੀਤਾ ਗਿਆ, ਜਿਸ ਨੂੰ ਕਿ ਕਾਨਫ਼ਰੰਸ ਵਾਲੇ ਦਿਨ ਲੋਕ ਅਰਪਿਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵਲੋਂ ਸਾਰੇ ਨਵੇਂ 'ਤੇ ਪੁਰਾਣੇ ਮੈਂਬਰ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਆਪਣੀ ਫ਼ੋਟੋ ਤੇ ਆਪਣੀਆਂ ਰਚਨਾਵਾਂ ਨੂੰ ਟਾਈਪ ਕਰਕੇ ਫ਼ਰਵਰੀ 2014 ਦੇ ਅੰਤ ਤੱਕ ਈ-ਮੇਲ ਰਾਹੀਂ ਕਾਰਜਕਾਰਨੀ ਦੇ ਕਿਸੇ ਵੀ ਮੈਂਬਰ ਜਾਂ ਸਭਾ ਦੀ ਆਪਣੀ ਈ-ਮੇਲ pssc93@gmail.com ਰਾਹੀਂ ਭੇਜਣ ਦੀ ਕਿਰਪਾਲਤਾ ਕਰਨ, ( ਕੋਈ ਵੀ ਲਿਖਤ ਪੀ. ਡੀ. ਐਫ. ਦੀ ਸ਼ਕਲ ਵਿਚ ਨਹੀਂ ਹੋਣੀ ਚਾਹੀਦੀ ) ਤਾਂ ਜੋ ਇਹ ਸੋਵੀਨੀਰ ਵਿੱਚ ਛਾਪੀਆਂ ਜਾ ਸਕਣ।ਹੋਰ ਜਾਣਕਾਰੀ ਲਈ ਤੁਸੀਂ ਦਿਲ ਨਿੱਜਰ 916-628-2210 ਜਾਂ ਇੰਦਰਜੀਤ ਗਰੇਵਾਲ ਨੂੰ 916-248-1535 ਤੇ ਫ਼ੋਨ ਕਰ ਸਕਦੇ ਹੋ।ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵਲੋਂ ਸਾਰੇ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲਿਆਂ ਨੂੰ ਇਸ ਸਭਾ ਦੇ ਮੈਂਬਰ ਬਣਕੇ ਸਭਾ ਨਾਲ ਜੁੜਨ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ ਹੁਮਹੁੰਮਾ ਕੇ ਕਾਨਫ਼ਰੰਸ ਵਿਚ ਸਮੇਂ ਅਨੁਸਾਰ ਪਹੁੰਚਣ ਲਈ ਸੱਦਾ ਦਿੱਤਾ ਜਾਂਦਾ ਹੈ। ਕਾਨਫਰੰਸ ਦੀ ਰੂਪਰੇਖਾ ਅਤੇ ਸਮਾਸਾਰਨੀ ਦੇ ਵੇਰਵੇ ਸਬੰਧੀ ਜਾਣਕਾਰੀ ਬਾਅਦ ਵਿਚ ਹਫ਼ਤਾਵਾਰੀ ਪੰਜਾਬੀ ਅਖ਼ਬਾਰਾਂ ਰਾਹੀਂ ਦਿੱਤੀ ਜਾਵੇਗੀ।

# ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 637ਵਾਂ ਗੁਰਪੁਰਬ 23 ਫਰਵਰੀ ਨੂੰ ਸਿਡਨੀ ਵਿਖੇ

ਸਿਡਨੀ (ਰਤਨ)- ਸ੍ਰੀ ਗੁਰੂ ਰਵਿਦਾਸ ਸਭਾ ਸਿਡਨੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 637ਵਾਂ ਗੁਰਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਹ ਪ੍ਰੋਗਰਾਮ 23 ਫਰਵਰੀ 2014, ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ ਸ਼ਾਮੀ 3 ਵਜੇ ਤੱਕ ਮੈਰੀਔਂਗ ਕਮਿਊਨਿਟੀ ਸੈਂਟਰ ਮੈਂਗੀਔਂਗ ਵਿਖੇ ਮਨਾਇਆ ਜਾਵੇਗਾ। ਪ੍ਰੋਗਰਾਮ ਦੀ ਸ਼ੁਰੂਆਤ ਸਵੇਰੇ 9 ਵਜੇ ਤੋਂ 12 ਵਜੇ ਤੱਕ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਦੇ ਜਾਪ ਨਾਲ ਸ਼ੁਰੂ ਹੋਵੇਗੀ। 12 ਵਜੇ ਤੋਂ 1.30 ਵਜੇ ਤੱਕ ਕੀਰਤਨ/ਭਜਨ ਅਤੇ ਵਿਚਾਰਾਂ ਹੋਣਗੀਆਂ। ਇਸ ਦੇ ਉਪਰੰਤ 1.30 ਵਜੇ ਗੁਰੂ ਕਾ ਲੰਗਰ ਵਰਤਾਇਆ ਜਾਵੇਗਾ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰੋਗਰਾਮ ਵਿਚ ਹੁੰਮ ਹੁੰਮਾ ਕੇ ਪਹੁੰਚੇ। ਹੋਰ ਜਾਣਕਾਰੀ ਲਈ ਬਲਜਿੰਦਰ ਰਤਨ 0433541413, ਸੋਡੀ ਸਿੰਘ 0401333110, ਵਿਨੋਦ ਕੁਮਾਰ 0412151365 ਅਤੇ ਬਲਵਿੰਦਰ ਕੁਮਾਰ 0468375364 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਪ੍ਰੈਸ ਨੂੰ ਬਲਜਿੰਦਰ ਰਤਨ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਸਿਡਨੀ ਇਨ: ਨੇ ਦਿੱਤੀ।

# ਸ੍ਰੀ ਪਿਆਰਾ ਲਾਲ ਪੀ.ਸੀ.ਐਸ. ਦੀ 13 ਫਰਵਰੀ 1961 ਨੂੰ ਐਕਸਟਰਾ ਅਸਿਸਟੈਂਟ ਕਮਿਸ਼ਨਰ ਵਜੋਂ ਜੁਆਇਨ ਕਰਨ ਲਈ ਜਾਣ ਤੋਂ ਪਹਿਲਾਂ ਰਵਾਨਗੀ ਸਮੇਂ ਦੀ ਇਕ ਗਰੁੱਪ ਤਸਵੀਰ



**ਤਸਵੀਰ ਵਿਚ ਖੱਬੇ ਤੋਂ ਸੱਜੇ** ***( ਇਤਿਹਾਸ ਦੇ ਝਰੋਖੇ 'ਚੋਂ ਤਸਵੀਰ ਲਈ ਸ੍ਰੀ ਓ ਪੀ ਬਾਲੀ ਜੀ ਦਾ ਧੰਨਵਾਦ)***

ਅੱਗੇ ਬੈਠੇ ਹਨ- ਸ੍ਰੀ ਬੀ. ਆਰ. ਅਹੀਰ, ਡੀ. ਆਰ. ਨਾਫਰੀ, ਪਿਆਰਾ ਲਾਲ ਤੂਰ, ਧਨੀ ਰਾਮ ਸਰਾਓ, ਓ. ਪੀ. ਬਾਲੀ, ਬੀ. ਆਰ. ਮਹਿਮੀ, ਸਵਰਨਾ ਰਾਮ ਰੱਤੂ,
ਕੁਰਸੀਆਂ ਤੇ ਬੈਠੇ ਹਨ- ਹਰਦੇਵ ਰਾਮ, ਬੀ. ਆਰ. ਸਨਿਆਰੇ, ਆਰ. ਆਰ. ਅਹੀਰ, ਟੀ. ਡੀ. ਚੌਧਰੀ, ਪੀ. ਆਰ. ਅਹੀਰ, ਰੱਖਾ ਰਾਮ, ਪਿਆਰਾ ਲਾਲ ਪੀ. ਸੀ. ਐਸ., ਰੌਣਕੀ ਰਾਮ, ਖੁਸ਼ੀ ਰਾਮ, ਐਸ. ਆਰ. ਅਹੀਰ, ਐਨ. ਸੀ. ਰੱਤੂ, ਰਾਮ ਕਿਸ਼ਨ ਮਹਿਮੀ, ਸ਼ੰਕਰ ਦਾਸ।
ਪਹਿਲੀ ਕਤਾਰ ਵਿਚ ਖੜ੍ਹੇ ਹਨ- ਗੁਰਬਚਨਾ ਰਾਮ, ਬਖਸ਼ੀਸ਼ ਸਿੰਘ, ਭਾਗ ਸਿੰਘ, ਰਾਮ ਕਿਸ਼ਨ, ਜੀ. ਆਰ. ਮਹਿਮੀ, ਰੁਲੀਆ ਰਾਮ, ਫੂਲੂ ਰਾਮ, ਚੰਨਣ ਰਾਮ ਸਵਾਨ, ਹੁਕਮ ਚੰਦ ਸੁਮਨ, ਮੋਹਿੰਦਰ ਸਿੰਘ, ਰਾਮ ਕਿਸ਼ਨ ਸੁਮਨ, ਰੋਲੂ ਰਾਮ, ਪੀ. ਡੀ. ਯਾਦਵ।
ਦੂਜੀ ਕਤਾਰ ਵਿਚ ਖੜ੍ਹੇ ਹਨ- ਬਾਬੂ ਰਾਮ, ਦੌਲਤਰਾਮ, ਜੈਰਾਮ ਦਾਸ, ਗਿਰਧਾਰੀ ਲਾਲ, ਰਾਮ ਨਰਾਇਣ, ਅਜੀਤ ਰਾਮ, ਸੁੱਖ ਰਾਮ, ਫਕੀਰ ਚੰਦ, ਗੁਰਮੀਤ ਰਾਮ ਰਾਮਲ, ਐਸ. ਐਮ. ਭਸੀਨ, ਹੰਸ ਰਾਜ ਝਾਲ, ਅਨੰਤ ਰਾਮ।
ਆਖਰੀ ਕਤਾਰ ਵਿਚ ਖੜ੍ਹੇ ਹਨ- ਲਾਲ ਚੰਦ ਝਾਲ, ਗੁਰਬਚਨ ਰਾਮ, ਕਰਤਾਰ ਚੰਦ, ਗੁਰਦਿਆਲ ਸਿੰਘ, ਰਤਨ ਸਿੰਘ ਸੰਧੂ, ਐਮ. ਐਸ. ਮਜ਼ਦੂਰ, ਚੈਨ ਰਾਮ ਮਹੇ, ਜੀ. ਐਮ. ਜਾਮਬੋਲਕਰ, ਮੇਹਰ ਚੰਦ ਸਾਵਨ। (ਤਸਵੀਰ- ਜੀਵਨ ਦਾਸ ਐਂਡ ਸਨਸ, ਕਰੋਲ ਬਾਗ, ਨਵੀਂ ਦਿੱਲੀ)

# ਗਦਰੀ ਬਾਬਾ ਮੁੱਗੋਵਾਲੀਆ ਜੀ ਦਾ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ ਮਨਾਇਆ ਗਿਆ

ਭਾਰਤ ਦੀ ਆਜ਼ਾਦੀ ਵਿਚ ਗਦਰ ਲਹਿਰ ਦਾ ਅਹਿਮ ਰੋਲ ਰਿਹਾ ਹੈ। ਇਹ ਲਹਿਰ ਉੱਤਰੀ ਅਮਰੀਕਾ ਭਾਵ ਕੈਨੇਡਾ ਅਮਰੀਕਾ ਵਿਚ ਭਾਰਤ ਤੋਂ ਖਾਸ ਕਰਕੇ ਬਹੁਗਿਣਤੀ ਪੰਜਾਬ ਤੋਂ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਕੈਨੇਡਾ-ਅਮਰੀਕਾ ਆਏ ਸਨ, ਨੇ ਜਦੋਂ ਇਨ੍ਹਾਂ ਦੇਸ਼ਾਂ ਵਿਚ ਆਜ਼ਾਦੀ ਦਾ ਆਨੰਦ ਤੇ ਇੱਥੋਂ ਦੇ ਲੋਕਾਂ ਦੀ ਆਜ਼ਾਦੀ, ਆਜ਼ਾਦ ਖਿਆਲ, ਖੁੱਲ੍ਹ ਕੇ ਘੁੰਮਣ ਫਿਰਨ, ਬੋਲਣ ਤੇ ਇਕੱਠੇ ਹੋ ਕੇ ਆਪਣੇ ਵਿਚਾਰਾਂ ਦੀ ਚਰਚਾ ਕਰਨ ਤੇ ਖੁੱਲ੍ਹ ਕੇ ਭਾਰਤ ਦੀ ਗੁਲਾਮੀ ਦਾ ਅਹਿਸਾਸ ਕਰਵਾਇਆ, ਜਿਹਨਾਂ ਦੀ ਵਾਗਡੋਰ ਉਸ ਵਕਤ ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਆਦਿ ਹੱਥ ਸੀ, ਦੀਆਂ ਅਣਥੱਕ ਕੋਸ਼ਿਸ਼ਾਂ ਨੇ ਬ੍ਰਿਟਿਸ਼ ਦੇ ਗੁਲਾਮ ਹਿੰਦੁਸਤਾਨ ਮੁਲਖ ਨੂੰ ਆਜ਼ਾਦ ਕਰਵਾਉਣ ਲਈ ਲੋਕਾਂ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ ਹੀ ਨਹੀਂ ਬਲਕਿ ਉਹਨਾਂ ਦੀ ਅਗਵਾਈ ਕਰਕੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦਿਨ ਰਾਤ ਮੀਟਿੰਗਾਂ ਕੀਤੀਆਂ ਤੇ ਆਪਣੇ ਵਿਚਾਰਾਂ ਨੂੰ ਲੋਕਾਂ ਤੋਂ ਇਲਾਵਾ ਰਾਜ ਦਰਬਾਰੇ ਪਹੁੰਚਾਉਣ ਲਈ ਕੈਨੇਡਾ ਤੋਂ ਸਵਦੇਸ਼ ਸੇਵਕ, ਅਮਰੀਕਾ ਤੋਂ ਗਦਰ ਪਾਰਟੀ ਦੇ ਗਦਰ ਨਾਂ ਦੇ ਪੇਪਰ ਵੀ ਚਲਾਏ, ਜਿਹਨਾਂ ਜਿੱਥੇ ਆਪਣੇ ਭੈਣ ਭਰਾ ਦੇਸ਼ ਘੁਲਾਟੀਆਂ ਦੇ ਜਿੱਥੇ ਹੌਸਲੇ ਬੁਲੰਦ ਕੀਤੇ, ਉਥੇ ਸਮੇਂ ਦੀਆਂ ਹਕੂਮਤਾਂ ਨੂੰ ਦੱਸ ਦਿੱਤਾ ਕਿ ਉਹਨਾਂ ਦੇ ਰਾਜ ਭਾਗ ਦਾ ਖਾਤਮਾ ਕਰ ਦਿੱਤਾ ਜਾਵੇਗਾ।

ਇਹ ਲੋਕ ਜੋ ਕੈਨੇਡਾ-ਅਮਰੀਕਾ ਰੋਜ਼ੀ ਰੋਟੀ ਕਮਾਉਣ ਲਈ ਆਏ ਸਨ, ਨੇ ਆਪਣੇ ਸਾਰੇ ਸਵਾਰਥ ਭੁੱਲ ਕੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਜਾਨ ਹਥੇਲੀ ਤੇ ਰੱਖ ਕੇ ਸਿੱਧੇ ਹੋ ਤੁਰੇ। ਇਹਨਾਂ ਵਿਚੋਂ ਦੁਆਬੇ ਦੇ ਪਿੰਡ ਮੁੱਗੋਵਾਲ (ਨੇੜੇ ਮਾਹਿਲਪੁਰ) ਜ਼ਿਲ੍ਹਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਨੌਜਵਾਨ ਸੋਹਣਾ ਸੁਨੱਖਾ ਤੇ ਮਧਰੇ ਕੱਦ ਦਾ ਬੁਲੰਦ ਹੌਸਲੇ ਵਾਲਾ ਮੰਗੂ ਰਾਮ ਵੀ ਇਕ ਸੀ। ਜਿਹਨਾਂ ਜਿਹਨਾਂ ਲੋਕਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗਦਰ ਲਹਿਰ ਵਿਚ ਕੰਮ ਕੀਤਾ, ਉਹਨਾਂ ਨੂੰ ਹੁਣ ਦੇਸ਼ ਵਿਦੇਸ਼ ਬੈਠੇ ਭਾਰਤੀ ਲੋਕ ਗਦਰੀ ਬਾਬਿਆਂ ਵਜੋਂ ਬੜੇ ਹੀ ਸਤਿਕਾਰ ਨਾਲ ਯਾਦ ਕਰਦੇ ਹਨ।

ਗਦਰੀ ਬਾਬਾ ਬਾਬੂ ਮੰਗੂ ਰਾਮ ਜੋ ਬਾਅਦ ਵਿਚ ਤੇ ਵਰਤਮਾਨ ਸਮੇਂ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਨਾਂ ਨਾਲ ਪ੍ਰਸਿੱਧ ਹੋਇਆ ਤੇ ਉਹਨਾਂ ਦੀਆਂ ਮਹਾਨ ਕੁਰਬਾਨੀਆਂ ਸਦਕਾ ਉਹਨਾਂ ਨੂੰ ਮਹਾਨ ਦੇਸ਼ ਭਗਤ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਵਜੋਂ ਬੜੇ ਹੀ ਸਤਿਕਾਰ ਸਹਿਤ ਯਾਦ ਕੀਤਾ ਜਾਂਦਾ ਹੈ ਤੇ ਯਾਦ ਕੀਤਾ ਜਾਂਦਾ ਰਹੇਗਾ। ਦੇਸ਼ ਨੂੰ ਆਜ਼ਾਦ ਕਰਾਉਣ ਲਈ ਬਾਬਾ ਮੁੱਗੋਵਾਲੀਆ ਜੀ ਦੇ ਦੇਸ਼ ਭਗਤੀ ਦੀ ਭਾਵਨਾ ਜਜ਼ਬਾ ਇੰਨਾ ਸੀ ਕਿ ਉਹਨਾਂ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗਦਰ ਪਾਰਟੀ ਦੇ ਹੈਡ ਆਫਿਸ ਤੋਂ ਜੋ ਹੁਕਮ ਹੋਇਆ, ਉਹ ਸਿਰ ਮੱਥੇ ਕਬੂਲਿਆ।


BABA MANGU RAM MUGGOWALIA JI

ਇਸ ਤਰ੍ਹਾਂ ਕੈਲੇਫੋਰਨੀਆ ਤੋਂ ਭਾਰਤ ਨੂੰ ਅਸਲਾ ਲਿਜਾਂਦਿਆਂ ਰਸਤੇ ਵਿਚ ਆਪਣੇ ਹੀ ਦੇਸ਼ ਧਰੋਹੀਆਂ ਵੱਲੋਂ ਗੋਰੀ ਸਰਕਾਰ ਨੂੰ ਇਤਲਾਹ ਦਿੱਤੇ ਜਾਣ ਤੇ ਦੋ ਵਾਰ ਫੜੇ ਜਾਣਾ ਤੇ ਫਾਂਸੀ ਦੇ ਫੰਦੇ ਤੇ ਲਟਕਾਉਣ ਦੇ ਆਰਡਰ ਦਾ ਹੋਣਾ, ਪਰ ਜਰਮਨਾਂ ਦੀ ਮਦਦ ਨਾਲ ਪਹਿਲੀ ਵਾਰ ਬਚ ਜਾਣਾ ਤੇ ਦੂਸਰੀ ਵਾਰ ਇਨ੍ਹਾਂ ਦੀ ਜਗ੍ਹਾ ਬ੍ਰਿਟਿਸ਼ ਸਰਕਾਰ ਦੁਆਰਾ ਕਿਸੇ ਹੋਰ ਨੂੰ ਫਾਂਸੀ ਤੇ ਲਟਕਾ ਦੇਣਾ ਤੇ ਬਾਬਾ ਮੁੱਗੋਵਾਲੀਆ ਜੀ ਦਾ ਉਥੋਂ ਬਚ ਨਿਕਲਣਾ ਤੇ ਅੰਤ ਮਨੀਲਾ ਤੋਂ ਵਾਇਆ ਸ਼੍ਰੀਲੰਕਾ, ਮਦੁਰਾਈ, ਮਹਾਰਾਸ਼ਟਰ, ਦਿੱਲੀ, ਹਰਿਆਣਾ ਹੁੰਦੇ ਹੋਏ ਪੰਜਾਬ ਵਿਚ ਆਪਣੇ ਪਿੰਡ ਪਹੁੰਚ ਜਾਣਾ, ਲੋਕਾਂ ਦਾ ਹੈਰਾਨੀਜਨਕ ਹੋਣਾ ਫਾਂਸੀ ਤੇ ਚੜ੍ਹੇ ਇਨਸਾਨ ਨੂੰ ਮੁੜ ਆਪਣੇ ਸਨਮੁਖ ਦੇਖਣਾ, ਖਾਸ ਕਰਕੇ ਸਮੂਹ ਪਰਿਵਾਰ ਤੇ ਸਭ ਤੋਂ ਵੱਧ ਬਾਬਾ ਜੀ ਦੀ ਆਪਣੀ ਧਰਮ ਪਤਨੀ ਦਾ ਹੈਰਾਨ ਹੋਣ ਵਾਲਾ ਪਲ ਦਾ ਬਿਆਨ ਕਰਨਾ ਕਿੰਨਾ ਮੁਸ਼ਕਿਲ ਹੈ ਜੋ ਆਪਣੇ ਪਤੀ ਨੂੰ ਫਾਂਸੀ ਤੇ ਲਟਕਾ ਦੇਣ ਦੀ ਖਬਰ ਤੋਂ ਬਾਅਦ ਸਮੂਹ ਪਰਿਵਾਰ ਵੱਲੋਂ ਪੁਰਾਣੇ ਸਭਿਆਚਾਰ ਮੁਤਾਬਕ ਆਪਣੇ ਪਤੀ ਦੇ ਭਰਾ ਦੀ ਪਤਨੀ ਬਣਾ ਕੇ ਬਿਠਾ ਦੇਣਾ।

ਵਿਦੇਸ਼ੋਂ ਆਪਣੇ ਵਤਨ ਪਰਤੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਜੋ ਆਜ਼ਾਦੀ ਬਾਹਰਲੇ ਮੁਲਕਾਂ ਵਿਚ ਦੇਖੀ ਤੇ ਉਸ ਦਾ ਅਹਿਸਾਸ ਦੇਸ਼ ਵਾਸੀਆਂ ਖਾਸ ਕਰਕੇ ਮਨੂੰ ਵਿਵਸਥਾ ਦੇ ਸਤਾਏ ਲੋਕਾਂ ਨੂੰ ਵੀ ਕਰਵਾਉਣਾ ਸ਼ੁਰੂ ਕੀਤਾ ਅਤੇ ਉਹਨਾਂ ਨੂੰ ਦੂਹਰੀ ਗੁਲਾਮੀ ਦੇ ਪੰਜੇ ਵਿਚੋਂ ਕੱਢਿਆ ਤੇ ਉਹਨਾਂ ਨੂੰ ਆਪਣੇ ਮਾਣ ਸਵੈਮਾਣ ਵਾਲੀ ਜ਼ਿੰਦਗੀ ਜਿਊਣ ਲਈ ਉਹਨਾਂ ਨੂੰ ਇਕ ਵੱਖਰਾ ਧਰਮ (ਆਦਿ ਧਰਮ) ਗ੍ਰੰਥ ਆਦਿ ਪ੍ਰਕਾਸ਼ ਗ੍ਰੰਥ ਤੇ ਰਹਿਬਰ ਸਰਵ ਸ੍ਰੀ ਸਤਿਗੁਰੂ ਭਗਵਾਨ ਵਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਜੀ ਤੇ ਸਤਿਗੁਰੂ ਕਬੀਰ ਸਾਹਿਬ ਆਦਿ ਤੋਂ ਜਾਣੂ ਕਰਾਉਣ ਵਿਚ ਸਫਲਤਾ ਹਾਸਲ ਕੀਤੀ, ਜਿਸ ਦੀ ਵਜ੍ਹਾ ਕਿ 1931 ਵਿਚ ਇਹ ਵੱਖਰਾ ਤੇ ਨਿਵੇਕਲੀ ਕਿਸਮ ਦਾ ਧਰਮ, ਸਾਂਝੀਵਾਲਤਾ ਦਾ ਪ੍ਰਤੀਕ ਤੇ ਮੂਲ ਨਿਵਾਸੀ ਸੋਚ ਤੇ ਆਧਾਰਿਤ ਧਰਮ ਆਦਿ ਧਰਮ ਹੋਰਨਾਂ ਧਰਮਾਂ ਹਿੰਦੂ, ਬੋਧੀ, ਜੈਨੀ, ਇਸਾਈ, ਇਸਲਾਮ ਤੇ ਸਿੱਖ ਦੀ ਤਰ੍ਹਾਂ ਮਾਨਤਾ ਪ੍ਰਾਪਤ ਕਰ ਗਿਆ। ਇਹ ਬਾਬਾ ਜੀ ਦਾ ਦੇਸ਼ ਦੀ ਆਜ਼ਾਦੀ ਦੇ ਨਾਲ ਨਾਲ ਦੂਸਰਾ ਮਹਾਨ ਪੱਖ ਸੀ। ਇਸੇ ਲਈ ਉਹਨਾਂ ਗਦਰੀ ਬਾਬਾ ਜੀ ਅਤੇ ਆਦਿ ਧਰਮ ਮੰਡਲ ਪੰਜਾਬ ਦੇ ਬਾਨੀ ਵਜੋਂ ਹਰ ਸਾਲ ਉਹਨਾਂ ਦੇ ਜਨਮ ਦਿਨ ਤੇ ਬਰਸੀ ਤੇ ਦੇਸ਼ ਵਿਦੇਸ਼ ਵਿਚ ਯਾਦ ਕੀਤਾ ਜਾਂਦਾ ਹੈ। ਉਹਨਾਂ ਦੀਆਂ ਤਸਵੀਰਾਂ ਸਾਰੇ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਵਿਚ ਸੁਸ਼ੋਭਿਤ ਹਨ ਤੇ ਉਹਨਾਂ ਦੇ ਨਾਂ ਸੋਵੀਨਾਰ ਵੀ ਕੱਢੇ ਜਾ ਰਹੇ ਹਨ। ਗਦਰ ਲਹਿਰ ਨਾਲ ਸਬੰਧਤ ਸਭਾਵਾਂ ਨੇ ਉਹਨਾਂ ਨੂੰ ਜਿੱਥੇ ਯਾਦ ਕਰਦੀਆਂ ਹਨ, ਉਥੇ ਉਹਨਾਂ ਇਕ ਇਕ ਵਾਰ ਇਹਨਾਂ ਦੀ ਯਾਦ ਵਿਚ ਮੇਲੇ ਵੀ ਕਰਵਾ ਕੇ ਇਤਿਹਾਸ ਰਚਿਆ ਹੈ। ਉਹ ਸਾਰੀਆਂ ਸੰਸਥਾਵਾਂ ਵਧਾਈ ਦੀਆਂ ਵਿਸ਼ੇਸ਼ ਪਾਤਰ ਹਨ।

ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਇਸ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੇਫੋਰਨੀਆ) ਨੇ ਬਾਬੂ ਮੁੱਗੋਵਾਲੀਆ ਜੀ ਦਾ ਜਨਮ 19 ਜਨਵਰੀ 2014 ਨੂੰ ਗੁਰੂ ਘਰ ਵਿਖੇ ਮਨਾਇਆ।

ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਉਘੇ ਨੌਜਵਾਨ ਜੁਝਾਰੂ ਗੀਤਕਾਰ ਤੇ ਗਾਇਕ ਸ੍ਰੀ ਪੀਟਾ ਚੰਦੇਲੀਵਾਲਾ ਅਤੇ ਗੁਰੂ ਘਰ ਦੇ ਸਾਬਕਾ ਪ੍ਰਧਾਨ ਸ. ਗੁਰਬਚਨ ਸਿੰਘ ਜੀ ਨੇ ਗਦਰੀ ਬਾਬਾ ਜੀ ਬਾਰੇ ਵਿਚਾਰਾਂ ਨੂੰ ਸਮੂਹ ਸੰਗਤ ਵਿਚ ਸਾਂਝਾ ਕੀਤਾ। ਇਸ ਤੋਂ ਪਹਿਲਾਂ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਅਵਤਾਰ ਸਿੰਘ ਭਾਟੀਆ ਜੀ ਦੇ ਜਥੇ ਨੇ ਰਸ ਭਿੰਨੇ ਸ਼ਬਦ ਗਾਇਨ ਕਰਕੇ ਇਕੱਤਰ ਹੋਈਆਂ ਸੰਗਤਾਂ ਨਿਹਾਲ ਕੀਤਾ। ਇਸ ਉਪਰੰਤ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਗਏ ਤੇ ਉਪਰੰਤ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਸਟੇਜ ਦੀ ਸੇਵਾ ਬਾਖੂਬੀ ਨਾਲ ਸ. ਗੁਰਬਚਨ ਸਿੰਘ ਜੀ ਨੇ ਨਿਭਾਈ।

# ਕਰੋੜਾਂ ਲੋਕ ਅਜੇ ਵੀ ਸੌਂਦੇ ਹਨ ਭੁੱਖੇ ਢਿੱਡ


ਅਮਰਜੀਤ ਚੰਦਰ

ਇਨਸਾਨ ਨੇ ਤਕਨੀਕੀ ਤੌਰ ਤੇ ਤਾਂ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ, ਭੁੱਖ ਦੀ ਪੂਰਤੀ ਨਾਲੋਂ ਜ਼ਿਆਦਾ ਅੰਨ ਪੈਦਾ ਕਰਨ ਦਾ ਡੰਕਾ ਵਜਾ ਸਕੇ ਹਨ, ਪਰ ਇਹ ਸੂਰਤੇਹਾਲ ਕਿਤੇ ਵੀ ਨਜ਼ਰ ਨਹੀਂ ਆਉਂਦੀ, ਭੁੱਖੇ ਤੱਕ ਭੋਜਨ ਪਹੁੰਚਾਉਣ ਦੀ ਤਰਕੀਬ 21ਵੀਂ ਸਦੀ ਵਿਚ ਵੀ ਸਿਰੇ ਨਹੀਂ ਚਾੜ੍ਹ ਸਕੇ। ਇਕ ਪਾਸੇ ਦੁਨੀਆਂ ਭਰ ਵਿਚ ਕਰੋੜਾਂ ਲੋਕ ਇਸ ਤਰ੍ਹਾਂ ਦੇ ਹਨ ਕਿ ਜਿਹਨਾਂ ਦੇ ਘਰ ਸ਼ਾਮ ਨੂੰ ਚੁੱਲ੍ਹਾ ਵੀ ਨਹੀਂ ਚਲਦਾ, ਬੱਚਿਆਂ ਨੂੰ ਭਰ ਪੇਟ ਖਾਣਾ ਵੀ ਨਸੀਬ ਨਹੀਂ ਹੁੰਦਾ ਅਤੇ ਦੂਸਰੇ ਪਾਸੇ ਮਾਨਵਤਾ ਨੂੰ ਸ਼ਰਮਸਾਰ ਕਰ ਦੇਣ ਵਾਲੀ ਗੱਲ ਸਚਾਈ ਇਹ ਹੈ ਕਿ ਹਰੇਕ ਸਾਲ 47 ਲੱਖ ਕਰੋੜ ਦਾ ਖਾਣਾ ਬਰਬਾਦ ਹੋ ਰਿਹਾ ਹੈ।

ਹਰੇਕ ਸਾਲ ਉਤਪਾਦਨ (ਪੈਦਾਵਾਰ) ਦਾ 50 ਫੀਸਦੀ ਅੰਨ ਸੜ ਗਲ਼ ਜਾਂਦਾ ਹੈ, ਬਰਬਾਦ ਕੀਤਾ ਜਾਂਦਾ ਹੈ। ਦੁਨੀਆਂ ਭਰ ਵਿਚ ਜਿੰਨਾ ਖਾਣਾ ਹਰੇਕ ਸਾਲ ਬਰਬਾਦ ਹੁੰਦਾ ਹੈ, ਉਸ ਵਿਚ 28 ਫੀਸਦੀ ਵਾਹੀ ਯੋਗ ਜ਼ਮੀਨ ਦਾ ਇਸਤੇਮਾਲ ਹੁੰਦਾ ਹੈ। ਇਕ ਸਾਲ ਵਿਚ ਰੂਸੀ ਦੀ ਬੋਲਗਾ ਨਦੀ ਵਿਚ ਪਾਣੀ ਜਿੰਨਾ ਚਲਦਾ ਹੈ, ਉਨਾ ਪਾਣੀ ਜ਼ਮੀਨ ਦੀ ਸਿੰਚਾਈ ਲਈ ਲੱਗ ਜਾਂਦਾ ਹੈ। ਭਾਰਤ ਵਿਚ ਅਨਾਜ ਦਾਲਾਂ, ਫਲ, ਸਬਜ਼ੀਆਂ ਦੀ ਕੁੱਲ ਪੈਦਾਵਾਰ ਦਾ 40 ਫੀਸਦੀ ਬਰਬਾਦ ਹੋ ਰਿਹਾ ਹੈ, ਜਿਸ ਦਾ ਬਾਜ਼ਾਰ ਵਿਚ ਮੁੱਲ 50 ਹਜ਼ਾਰ ਕਰੋੜ ਬਣਦਾ ਹੈ। ਇਸ ਮਾਲ ਦੀ ਸਿਰਫ 4 ਫੀਸਦੀ ਬਰਬਾਦੀ ਹੈ, ਪਰ ਇਸ ਵਿਚ ਆਰਥਿਕ ਨੁਕਸਾਨ ਸਿਰਫ 20 ਫੀਸਦੀ ਹੀ ਹੈ। ਵਿਸ਼ਵ ਵਿਚ ਬਰਬਾਦ ਭੋਜਨ ਵਿਚੋਂ 3.3 ਅਰਬ ਟਨ ਗ੍ਰੀਨ ਹਾਊਸ ਗੈਸਾਂ ਨਿਕਲਦੀਆਂ ਹਨ, ਪਰ ਇਸ ਵਿਚੋਂ ਮੀਥੇਨ ਗੈਸ ਭਾਰੀ ਮਾਤਰਾ ਵਿਚ ਨਿਕਲਦੀ ਹੈ ਜੋ ਕਿ ਆਮ ਜਨ-ਜੀਵਨ ਲਈ ਸਭ ਤੋਂ ਜ਼ਿਆਦਾ ਖਤਰਨਾਕ ਹੈ।

ਅਵਾਂਇਡਿੰਗ ਫਿਊਚਰ ਫੇਮਾਇਨਸ ਆਫ ਇੰਡੀਆ ਦੀ ਰਿਪੋਰਟ ਦੇ ਮੁਤਾਬਕ ਦੁਨੀਆਂ ਭਰ ਵਿਚ ਇਕ ਤਿਹਾਈ ਭੋਜਨ ਇਨਸਾਨ ਦੇ ਮੂੰਹ ਤੱਕ ਪਹੁੰਚਣ ਤੋਂ ਪਹਿਲਾਂ ਹੀ ਖਤਮ ਹੋ ਜਾਂਦਾ ਹੈ। ਉਹ ਜਾਂ ਤਾਂ ਰਾਹ ਵਿਚ ਠੀਕ ਤਰ੍ਹਾਂ ਨਾ ਰੱਖਣ ਦੀ ਅਣਗਹਿਲੀ ਕਰਕੇ ਖਰਾਬ ਹੋ ਜਾਂਦਾ ਹੈ, ਜਾਂ ਉਪਭੋਗਤਾ ਉਸ ਨੂੰ ਆਪ ਹੀ ਬਰਬਾਦ ਕਰ ਦਿੰਦਾ ਹੈ। ਯੂਨਾਈਟਿਡ ਨੈਸ਼ਨਲ ਇਟਵਾਇਰਮੈਂਟ ਪ੍ਰੋਗਰਾਮ ਦੀ ਰਿਪੋਰਟ ਦੇ ਮੁਤਾਬਕ ਫੂਡ ਵੇਸਟੇਜ਼ ਫੁਟਪ੍ਰਿੰਟ ਇੰਸਪੈਕਟ ਆਨ ਨੈਚੂਰਲ ਰਿਸੋਰਸਿਜ਼ ਨੇ ਇਹ ਦਾਅਵਾ ਕੀਤਾ ਹੈ ਕਿ ਹਰੇਕ ਸਾਲ ਦੁਨੀਆਂ ਭਰ ਵਿਚ 1.3 ਅਰਬ ਟਨ ਭੋਜਨ ਦੀ ਬਰਬਾਦੀ ਹੁੰਦੀ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਪ੍ਰਬੰਧ ਠੀਕ ਨਾ ਹੋਣਾ, ਬਹੁਤ ਹੀ ਪੁਰਾਣੀ ਤਕਨੀਕ ਮਸ਼ੀਨਰੀ ਠੀਕ ਤਰ੍ਹਾਂ ਦੀ ਸਾਂਭ-ਸੰਭਾਲ ਨਾ ਹੋਣ ਨਾਲ ਗੁਦਾਮ ਤੋਂ ਇਨਸਾਨ ਕੋਲ ਪਹੁੰਚਣ ਤੱਕ ਖਰਾਬ ਭੋਜਨ ਸੁੱਟਣ ਦੇ ਕਾਬਲ ਹੀ ਰਹਿ ਜਾਂਦਾ ਹੈ।

ਗੁਆਂਢੀ ਦੇਸ਼ ਪਾਕਿਸਤਾਨ ਵਿਚ ਵੀ ਸਾਂਭ-ਸੰਭਾਲ ਦੀ ਕਮੀ ਦੇ ਕਾਰਨ ਕੁੱਲ ਪੈਦਾਵਾਰ ਦਾ 6 ਫੀਸਦੀ ਲੱਗਭੱਗ 30 ਲੱਖ ਟਨ ਤੋਂ ਜ਼ਿਆਦਾ ਭੋਜਨ ਲੋਕਾਂ ਤੱਕ ਨਹੀਂ ਪਹੁੰਚਦਾ, ਜਦੋਂ ਕਿ ਉਥੇ ਦੀ ਆਬਾਦੀ ਦਾ 36 ਫੀਸਦੀ ਹਿੱਸਾ ਗਰੀਬੀ ਰੇਖਾ ਤੋਂ ਹੇਠਾਂ ਹੈ। 40 ਫੀਸਦੀ ਬੱਚੇ ਭੁੱਖਮਰੀ ਦੇ ਸ਼ਿਕਾਰ ਹਨ। ਏਸ਼ੀਆ, ਲੈਟਿਨ ਅਮਰੀਕਾ ਅਤੇ ਯੂਰਪ ਵਿਚ ਫਲ, ਯੂਰਪ, ਦੱਖਣੀ ਅਫਰੀਕਾ, ਦੱਖਣੀ ਏਸ਼ੀਆ ਅਤੇ ਦੱਖਣੀ ਪੂਰਬੀ ਏਸ਼ੀਆ ਵਿਚ ਸਬਜ਼ੀਆਂ ਅਤੇ ਮਾਸ ਪੈਦਾਵਾਰ ਦਾ 69 ਫੀਸਦੀ ਬਰਬਾਦੀ ਇਹਨਾਂ ਧਨਾਢ ਦੇਸ਼ਾਂ ਵਿਚ ਹੁੰਦੀ ਹੈ। ਅਮਰੀਕਾ ਵਾਲੇ 25 ਫੀਸਦੀ ਖਣਾ ਸੁੱਟ ਦਿੰਦੇ ਹਨ। ਯੂਰਪੀ ਦੇਸ਼ਾਂ ਵਾਲੇ ਇਕ ਤਿਹਾਈ ਭੋਜਨ ਬਰਬਾਦ ਕਰਦੇ ਹਨ। ਬਰਬਾਦ ਇਸ ਕਰਕੇ ਕਰਦੇ ਹਨ ਕਿ ਉਹ ਜ਼ਿਆਦਾ ਖਰੀਦ ਲੈਂਦੇ ਹਨ।

ਹੁਣ ਸਵਾਲ ਸਿਰਫ ਇਹ ਨਹੀਂ ਹੈ ਕਿ ਭੋਜਨ ਬਰਬਾਦ ਹੋ ਰਿਹਾ ਹੈ ਜਾਂ ਲੋਕ ਭੁੱਖੇ ਸੌਂਦੇ ਹਨ। ਪਰ ਇਸ ਦੇ ਨਾਲ ਸਾਡੇ ਵਾਤਾਵਰਣ ਵਿਚ ਵੀ ਜ਼ਹਿਰ ਘੁਲ ਰਿਹਾ ਹੈ। ਸਾਡਾ ਪਾਣੀ ਗੰਦਾ ਹੋ ਰਿਹਾ ਹੈ। ਮਾਨਵ ਜਾਤੀ ਦੀ ਤੌਹੀਨ ਹੋ ਰਹੀ ਹੈ। ਦਾਲਾਂ ਸਬਜ਼ੀਆਂ ਦੇ ਭਾਅ ਅਸਮਾਨੀ ਚੜ੍ਹੇ ਹੋਏ ਹਨ, ਮੱਧ ਵਰਗ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਹਰ ਸ਼ਾਮ ਇਕ ਗਲਾਸ ਦੁੱਧ ਮਿਲਣਾ ਮੁਸ਼ਕਿਲ ਹੋ ਗਿਆ ਹੈ। ਮੋਟੇ ਅਨਾਜ ਦੀ ਕੀਮਤ ਹਰੇਕ ਸਾਲ 25 ਤੋਂ 30 ਫੀਸਦੀ ਵੱਧ ਰਹੀ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਹਜ਼ਾਰਾਂ ਬੱਚਿਆਂ ਤੇ ਕੀਤੇ ਗਏ ਸਰਵੇਖਣ ਤੋਂ ਬਾਅਦ ਮਈ ਵਿਚ (ਸੇਵ ਦਾ ਚਿਲਡਰਨ) ਨੇ ਫੂਡ ਫਾਰ ਥਾਟ ਰਿਪੋਰਟ ਵਿਚ ਕਿਹਾ ਹੈ ਕਿ ਦੁਨੀਆਂ ਭਰ ਵਿਚ ਪੜ੍ਹਨ ਵਾਲੇ 25 ਫੀਸਦੀ ਬੱਚੇ ਇਹੋ ਜਿਹੇ ਹਨ ਕਿ ਜਿਹਨਾਂ ਦੀ ਪੜ੍ਹਨ, ਸੁਣਨ, ਸਮਝਣ ਦੀ ਸ਼ਕਤੀ ਬਹੁਤ ਘੱਟ ਹੈ? ਕਿਉਂਕਿ ਬਹੁਤੀ ਤਾਦਾਦ ਵਿਚ ਬੱਚੇ ਭੁੱਖਮਰੀ ਦੇ ਸ਼ਿਕਾਰ ਹਨ।

ਦਾ ਹੰਕਾਰ ਪ੍ਰਾਜੈਕਟ ਦੀ ਰਿਪੋਰਟ ਅਨੁਸਾਰ ਦੁਨੀਆਂ ਭਰ ਵਿਚ 80.7 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਜਿਸ ਵਿਚ 98 ਫੀਸਦੀ ਭਾਰਤ ਦੇ ਨਾਗਰਿਕ ਹਨ। ਗਰੀਬੀ, ਭੁੱਖ ਅਤੇ ਭੋਜਨ ਦੀ ਇਕ ਬਹੁਤ ਹੀ ਗਹਿਰੀ ਸਾਂਝ ਹੈ। ਜਿਸ ਨੂੰ ਹੱਲ ਕਰਨਾ ਅਜੇ ਬਹੁਤ ਬਾਕੀ ਹੈ। ਸਵਾਲ ਇਹ ਨਹੀਂ ਕਿ ਗਰੀਬ ਲੋਕ ਭੁੱਖੇ ਹਨ, ਜਦਕਿ ਸਵਾਲ ਇਹ ਹੈ ਕਿ ਹਰ ਭੁੱਖਾ ਆਦਮੀ ਗਰੀਬ ਹੈ। ਇਸ ਸਿਲਸਿਲੇ ਨਾਲ ਜੁੜੇ ਹਰ ਇਨਸਾਨ ਦਾ ਇਹ ਕਹਿਣਾ ਹੈ ਕਿ 2050 ਸੰਨ ਤੱਕ ਸਭ ਨੂੰ ਢਿੱਡ ਭਰਵਾਂ ਖਾਣਾ ਤਾਂ ਹੀ ਹਾਸਲ ਹੋ ਸਕਦਾ ਹੈ, ਜੇਕਰ ਪਹਿਲੇ ਪੈਦਾਵਾਰ ਨਾਲੋਂ 60 ਫੀਸਦੀ ਪੈਦਾਵਾਰ ਜ਼ਿਆਦਾ ਹੋਵੇ। ਪਰ ਦੇਸ਼ਾਂ ਦੀਆਂ ਸਰਕਾਰਾਂ ਦੀਆਂ ਉਹ ਕਿਹੜੀਆਂ ਮਜ਼ਬੂਰੀਆਂ ਹਨ ਕਿ ਜਿਹੜੀਆਂ ਬਰਬਾਦ ਹੋ ਰਹੇ ਭੋਜਨ ਨੂੰ ਰੋਕਣ ਵਿਚ ਨਕਾਮੀ ਦਿਖਾ ਰਹੀਆਂ ਹਨ।

ਬਰਬਾਦ ਹੋ ਰਹੇ ਭੋਜਨ ਦੇ ਕੁਝ ਅੰਕੜੇ ਇਸ ਤਰ੍ਹਾਂ ਹਨ:-

ਖਾਣ ਵਾਲਿਆਂ ਦੇ ਮੂੰਹ ਤੱਕ ਪਹੁੰਚਦੇ ਪਹੁੰਚਦੇ ਸਬਜ਼ੀਆਂ ਅਤ ਫਲ 40 ਫੀਸਦੀ ਇਸ ਲਈ ਖਰਾਬ ਹੋ ਜਾਂਦੇ ਹਨ ਕਿ ਰੈਫਰੀਜਨਰੇਸ਼ਨ ਦੀ ਘਾਟ, ਖਰਾਬ ਸੜਕਾਂ, ਖਰਾਬ ਮੌਸਮ ਅਤੇ ਭ੍ਰਿਸ਼ਟਾਚਾਰ ਆਦਿ।

ਇਕ ਸਾਲ ਵਿਚ ਭਾਰਤ ਦਾ ਇਕ ਨਾਗਰਿਕ 6 ਤੋਂ 11 ਕਿਲੋ ਭੋਜਨ ਬਰਬਾਦ ਕਰਦਾ ਹੈ, ਜਦਕਿ ਅਮਰੀਕਾ ਵਿਚ ਇਹ ਅੰਕੜਾ 95-115 ਕਿਲੋ ਦਾ ਹੈ।

*# ਬੀ 33/1809, ਲੁਧਿਆਣਾ-8*

# ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੇ ਹਫਤਾਵਾਰੀ ਕਵੀ ਦਰਬਾਰਾਂ ਵਿਚ 34ਵਾਂ ਪ੍ਰੋਗਰਾਮ ਹੋਇਆ ਸੰਪੰਨ

ਸੈਕਰਾਮੈਂਟੋ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ)- ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਚਲਾਏ ਜਾ ਰਹੇ ਧਾਰਮਿਕ ਕਵੀ ਦਰਬਾਰਾਂ ਦੇ ਹਫਤਾਵਾਰੀ ਪ੍ਰੋਗਰਾਮਾਂ ਦੀ ਲੜੀ ਵਿਚ 34ਵਾਂ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਦਸਮੇਸ਼ ਦਰਬਾਰ ਸੈਕਰਾਮੈਂਟੋ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ। ਮਿਸ਼ਨ ਵੱਲੋਂ ਸਜਾਏ ਗਏ ਧਾਰਮਿਕ ਕਵੀ ਦਰਬਾਰ ਵਿਚ ਬੀਬੀ ਗੁਰਦੇਵ ਕੌਰ, ਪ੍ਰਮਿੰਦਰ ਸਿੰਘ ਪ੍ਰਵਾਨਾ, ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁਮਨ, ਪ੍ਰੋ: ਸੁਰਜੀਤ ਸਿੰਘ ਨਨੂਆਂ ਆਦਿ ਕਵੀਆਂ ਨੇ ਆਪਣੀਆਂ ਧਾਰਮਿਕ ਰਚਨਾਵਾਂ ਨਾਲ ਗਰਮਤਿ ਇਤਿਹਾਸਕ ਵਿਰਸਾ ਸਰਵਣ ਕਰਵਾਇਆ। ਮੰਚ ਸੰਚਾਲਨ ਹਮੇਸ਼ਾ ਦੀ ਤਰ੍ਹਾਂ ਪ੍ਰਵਾਨਾ ਵੱਲੋਂ ਧਾਰਮਿਕ ਟੂਕਾਂ ਅਤੇ ਸੂਫੀ ਸ਼ਾਇਰੀ ਨਾਲ ਬਾਖੂਬ ਨਿਭਾਇਆ। ਇਸ ਮੌਕੇ ਤੇ ਧਾਰਮਿਕ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਪ੍ਰਬੰਧਕਾਂ ਅਤੇ ਸੰਗਤਾਂ ਨੇ ਬੜੀ ਸੁਹਿਰਦਤਾ ਨਾਲ ਕਵੀਆਂ ਦਾ ਸਨਮਾਨ ਕੀਤਾ। ਇਸ ਪ੍ਰੋਗਰਾਮ ਨੂੰ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਇਕ ਯਾਦਗਾਰੀ ਤਸਵੀਰ ਨਾਲ ਫਤਿਹ ਬੁਲਾਈ ਗਈ।



ਗੁਰਦੁਆਰਾ ਇਤਿਹਾਸ ਵਿਚ ਸੰਨ 2004 ਵਿਚ 7 ਏਕੜ ਜ਼ਮੀਨ ਵਿਚ ਗੁਰਦੁਆਰਾ ਸਥਾਪਤ ਕੀਤਾ ਗਿਆ। ਪ੍ਰਬੰਧਕਾਂ ਵਿਚ ਚਰਨ ਸਿੰਘ ਬਡਵਾਲ, ਅਵਤਾਰ ਸਿੰਘ ਅਟਵਾਲ, ਪ੍ਰਮਜੀਤ ਸਿੰਘ ਅਤੇ ਜੱਸੀ ਆਦਿ ਹਨ। ਰੋਜ਼ਾਨਾ ਦੇ ਪ੍ਰੋਗਰਾਮ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦੀ ਪ੍ਰਵਾਨਿਤ ਰਹਿਤ ਮਰਿਆਦਾ ਅਨੁਸਾਰ ਨਿਭਾਏ ਜਾਂਦੇ ਹ, ਜਿਵੇਂ ਅੰਮ੍ਰਿਤ ਵੇਲੇ 4.30 ਵਜੇ ਤੋਂ ਪੰਜ ਬਾਣੀਆਂ ਦੇ ਪਾਠ ਆਸਾ ਦੀ ਵਾਰ ਦੇ ਕੀਰਤਨ, ਸ਼ਾਮ ਦੇ ਦੀਵਾਨਾਂ ਵਿਚ ਰਹਿਰਾਸ ਸਾਹਿਬ ਜੀ ਦੇ ਪਾਠ। ਐਤਵਾਰ ਸੁਖਮਨੀ ਸਾਹਿਬ ਅਤੇ ਕਥਾ ਸਰਵਣ ਕਰਵਾਈ ਜਾਂਦੀ ਹੈ।

ਗੁਰੂ ਦੇ ਅਤੁੱਟ ਲੰਗਰ 24 ਘੰਟੇ ਵਰਤਦੇ ਹਨ। ਪੰਜਾਬੀ ਸਕੂਲ ਵਿਚ 110 ਬੱਚੇ ਦਾਖਲ ਹਨ। ਉਪਰੰਤ ਸਾਰੇ ਗੁਰਪੁਰਬ ਸ਼ਹੀਦੀ ਇਤਿਹਾਸਕ ਦਿਹਾੜੇ ਸੰਗਤਾਂ ਵੱਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਅਨੰਦ ਕਾਰਜਾਂ ਦੀ ਵੀ ਸਹੂਲਤ ਹੈ। ਮਿਸ਼ਨ ਵੱਲੋਂ ਦੂਰ ਦੁਰਾਡੇ ਜਾ ਕੇ ਗਰਦੁਆਰਿਆਂ ਵਿਚ ਸੰਗਤਾਂ ਨੂੰ ਧਾਰਮਿਕ ਗੁਰਮਤਿ ਇਤਿਹਾਸ ਅਤੇ ਵਿਰਸੇ ਨਾਲ ਜੋੜ ਕੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਹੋਰ ਜਾਣਕਾਰੀ ਲਈ 510-415-9377 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਪ੍ਰੈਸ ਨੂੰ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਦਿੱਤੀ ਗਈ।

# ਸ਼ਰਾਬ ਲਿਆਉਣ ਤੋਂ ਇਨਕਾਰ ਕਰਨ ਤੇ ਦਲਿਤ ਦੀ ਹੱਤਿਆ

ਬਾਗਪਤ, ਉਤਰ ਪ੍ਰਦੇਸ਼- ਸ਼ਰਾਬ ਲਿਆਉਣ ਤੋਂ ਇਨਕਾਰ ਕਰਨ ਤੇ ਦਲਿਤ ਲੜਕੇ ਦੀ ਇੱਟਾਂ ਅਤੇ ਪੱਥਰ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਉਸਦੀ ਲਾਸ਼ ਤਲਾਬ ਵਿਚ ਸੁੱਟ ਦਿੱਤੀ ਗਈ। ਪੁਲਿਸ ਨੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀਆਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਧਨੌਰਾ ਸਿਲਵਰਨਗਰ ਪਿੰਡ ਵਿਚ ਮੰਗਲਵਾਰ ਦੇਰ ਸ਼ਾਮ ਦਲਿਤ ਲੜਕੇ ਰਵੀ ਨੂੰ ਉਸਦੇ 3 ਵਾਕਫਕਾਰ ਘਰ ਤੋਂ ਬੁਲਾ ਕੇ ਲੈ ਗਏ ਸਨ। ਬੁੱਧਵਾਰ ਦੁਪਹਿਰੇ ਰਵੀ ਦੀ ਲਾਸ਼ ਤਲਾਬ ਵਿਚ ਮਿਲੀ। ਪਰਿਵਾਰ ਵਾਲਿਆਂ ਦੀ ਸ਼ਿਕਾਇਤ ਤੇ ਪੁਲਿਸ ਨੇ ਬੁਲਾ ਕੇ ਲਿਜਾਣ ਵਾਲੇ ਤਿੰਨੇ ਲੜਕਿਆਂ ਤੋਂ ਪੁੱਛਗਿੱਛ ਕੀਤੀ। ਦੋਸ਼ੀਆਂ ਨੇ ਸ਼ਰਾਬ ਲਿਆਉਣ ਤੋਂ ਇਨਕਾਰ ਕਰਨ ਤੇ ਲੜਕੀ ਦੇ ਹੱਤਿਆ ਦਾ ਅਪਰਾਧ ਕਬੂਲ ਕਰ ਲਿਆ ਹੈ।




ਸੰਪਾਦਕੀ

# ਭਾਰਤ ਦਾ 65ਵਾਂ ਗਣਤੰਤਰ ਦਿਵਸ ਅਤੇ ਸਵਾਲ

– ਤਰਸੇਮ ਜਲੰਧਰੀ

ਲੋਕਤੰਤਰੀ ਮੁਲਕ ਵਜੋਂ ਭਾਰਤ ਅਤੇ ਅਮਰੀਕਾ ਵਿਸ਼ਵ ਦੇ ਦੋ ਪ੍ਰਮੁੱਖ ਦੇਸ਼ ਗਿਣੇ ਜਾਂਦੇ ਹਨ, ਜਿੱਥੇ ਭਾਰਤ 15 ਅਗਸਤ 1947 ਨੂੰ ਇਕ ਆਜ਼ਾਦ ਮੁਲਕ ਵਜੋਂ ਜਾਣਿਆ ਜਾਣ ਲੱਗਾ, ਉੱਥੇ ਭਾਰਤ ਦਾ ਆਪਣਾ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋਣ ਨਾਲ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰੀ ਮੁਲਕ ਵਜੋਂ ਉਭਰ ਕੇ ਸਾਹ-ਮਣੇ ਆਇਆ। ਜੇਕਰ ਇਹ ਕਹਿ ਲਿਆ ਜਾਵੇ ਕਿ ਭਾਰਤ ਦੀ ਆਜ਼ਾਦੀ ਦਾ ਆਨੰਦ ਜਾਂ ਸਹੀ ਅਰਥਾਂ ਵਿਚ ਭਾਰਤ ਵਾ-ਸੀਆਂ ਨੂੰ ਨਿਆਂ, ਆਜ਼ਾਦੀ, ਬਰਾਬਰਤਾ ਅਤੇ ਭਾਈਚਾਰਕ ਸਾਂਝ ਦਾ ਹੱਕ 26 ਜਨਵਰੀ 1950 ਨੂੰ ਹੀ ਅਹਿਸਾਸ ਹੋਣਾ ਸ਼ੁਰੂ ਹੋਇਆ ਤਾਂ ਕੋਈ ਅਤਿਕਥਨੀ ਨਹੀਂ ਕਿਹਾ ਜਾ ਸਕੇਗਾ। ਪਰ ਜੇਕਰ ਅਸੀਂ ਭਾਰਤੀ ਸੰਵਿਧਾਨ ਦੀ ਭੂਮਿਕਾ ਮੁੱਖ ਬੰਦ ਯਾਨਿ ਪ੍ਰੈਂਬਲ ਨੂੰ ਦੇਖਦੇ ਹਾਂ ਤੇ ਸੰਵਿਧਾਨ ਦੇ ਮੁੱਖ ਸ਼ਿਲਪਕਾਰ-ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮਰਾਓ ਰਾਮਜੀ ਅੰਬੇਦਕਰ ਜੀ ਨੇ ਵਿਸ਼ਵ ਭਰ ਦੇ ਦੇਸ਼ਾਂ ਤੇ ਸੰਵਿਧਾਨਾਂ ਦਾ ਅਧਿਐਨ ਕਰਨ ਤੋਂ ਬਾਅਦ ਹੀ ਜਾਂ ਫਿਰ ਭਾਰਤ ਦਾ ਬੁੱਧ ਧਰਮ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਖਾਸ ਕਰਕੇ ਇਸ ਵਿਚਲਾ ਸ਼ਬਦ, ਸਤਿਗੁਰੂ ਰਵਿਦਾਸ ਜੀ ਦਾ ਫੁਰਮਾਇਆ ਸ਼ਬਦ ਬੇਗਮਪੁਰਾ ਸਹਰ ਕੋ ਨਾਓ..... ਨੂੰ ਮੱਦੇਨਜ਼ਰ ਰੱਖਦਿਆਂ ਸੰਵਿਧਾਨ ਦੀ ਰਚਨਾ ਕਰਨ ਤੋਂ ਪਹਿਲਾਂ ਸੰਵਿਧਾਨ ਦੇ ਮੁੱਖ ਬੰਦ ਵਿਚ ਨਿਆਂ, ਆਜ਼ਾਦੀ, ਦਾਸਤਾ ਤੋਂ ਮੁਕਤੀ, ਸਵੈਧੀਨਤਾ, ਸੁਤੰਤਰਤਾ, ਸਮਾਨਤਾ, ਸਮਤਾ, ਬਰਾਬਰੀ, ਭਾਈਚਾਰਾ/ਭਾਈਬੰਦੀ/ਭਰਾਤਰੀ ਭਾਵ ਆਜ਼ਾਦ ਭਾਰਤ ਦੇਸ਼ ਵਾਸੀਆਂ ਨੂੰ ਉਪਲਬਧ ਕਰਵਾਉਣ ਦਾ ਵਿਸ਼ੇਸ਼ ਖਿਆਲ ਰੱਖਿਆ ਗਿਆ, ਭਾਵ ਵਰਤਮਾਨ ਭਾਰਤੀ ਸੰਵਿਧਾਨ ਆਪਦੇ ਭਾਰਤ ਦੇਸ਼ ਦੇ ਨਾਗਰਿਕਾਂ ਨੂੰ ਇਹ ਸਭ ਦੇਣ ਦੀ ਵਚਨਬੱਧਤਾ ਦੁਹਰਾਉਂਦਾ ਨਜ਼ਰ ਆਉਂਦਾ ਹੈ ਜੋ ਕਦੇ ਆਰੀਆ ਲੋਕਾਂ ਦੇ ਭਾਰਤ ਆਉਣ ਤੋਂ ਪਹਿਲਾਂ ਅਤੇ ਬੁੱਧ ਕਾਲ ਦੌਰਾਨ ਸੀ।

ਦੇਸ਼ ਨੂੰ ਆਜ਼ਾਦ ਕਰਾਉਣ ਲਈ ਜਿੱਥੇ ਦੇਸ਼ ਪ੍ਰੇਮੀਆਂ ਨੇ ਅਣਗਿਣਤ ਕੁਰਬਾਨੀਆਂ ਕਰਕੇ ਆਪਣਾ ਆਪ ਕੁਰਬਾਨ ਕਰ ਦਿੱਤਾ, ਉੱਥੇ ਉਹਨਾਂ ਦੀਆਂ ਕੀਤੀਆਂ ਕੁਰਬਾਨੀਆਂ ਸਦਕੇ ਮਿਲੀ ਆਜ਼ਾਦੀ ਨੂੰ ਬਰਕਰਾਰ ਰੱਖਣ ਤੇ ਦੇਸ਼ ਵਾਸੀਆਂ ਨੂੰ ਕਿਹਨਾਂ-ਕਿਹਨਾਂ ਗੱਲਾਂ ਦੀ ਜ਼ਰੂਰਤ ਹੈ, ਦਾ ਧਿਆਨ ਰੱਖਦਿਆਂ ਮਾਣਯੋਗ ਸੰਵਿਧਾਨ ਸ਼ਿਲਪਕਾਰਾਂ ਨੇ ਉੱਪਰੋਕਤ ਦਰਸਾਈਆਂ ਗੱਲਾਂ ਨੂੰ ਵਿਧਾਨ ਵਿਚ ਦਰਸਾਉਂਦਿਆਂ, ਸੰਵਿਧਾਨ ਵਿਚ ਸ਼ਾਮਲ ਕਰਕੇ ਭਾਰਤ ਨੂੰ ਨਾ ਕਿ ਸਿਰਫ ਆਜ਼ਾਦ ਮੁਲਕ ਵਜੋਂ ਬਲਕਿ ਦੁਨੀਆਂ ਦਾ ਇਕ ਮਹਾਨ ਅਤੇ ਵੱਡਾ ਲੋਕਤੰਤਰੀ ਮੁਲਕ ਵਜੋਂ ਲਿਆ ਖੜ੍ਹਾ ਕੀਤਾ।




ਬਾਬਾ ਸਾਹਿਬ ਡਾ: ਅੰਬੇਦਕਰ ਜੀ ਦੀ ਰਹਿਨੁਮਾਈ ਹੇਠ ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਉਸ ਵਕਤ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਤੇ ਉਹਨਾਂ ਦੀ ਕੈਬਨਿਟ ਨੂੰ ਸੌਂਪ ਦਿੱਤਾ ਗਿਆ ਜੋ 26 ਜਨਵਰੀ 1950 ਨੂੰ ਲਾਗੂ ਕਰ ਦਿੱਤਾ ਗਿਆ ਸੀ।

ਉਦੋਂ ਤੋਂ ਹੁਣ ਤੱਕ ਭਾਰਤ ਸਰਕਾਰ ਤੇ ਨਾਗਰਿਕ 26 ਜਨਵਰੀ ਨੂੰ ਗਣਤੰਤਰ ਦਿਵਸ ਵਜੋਂ ਹਰ ਸਾਲ ਮਨਾਉਂਦੇ ਆ ਰਹੇ ਹਨ ਤੇ ਮਨਾਉਣਾ ਚਾਹੀਦਾ ਵੀ ਤੇ ਮਨਾਏ ਜਾਂਦੇ ਰਹਿਣਾ ਵੀ ਚਾਹੀਦਾ ਹੈ। ਪਰ ਇੱਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਜਿਸ ਪ੍ਰਕਾਰ ਭਾਰਤ ਦੇਸ਼ ਦਾ ਆਜ਼ਾਦੀ ਦਿਵਸ 15 ਅਗਸਤ ਵਜੋਂ ਬੜੀ ਹੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ, ਆਜ਼ਾਦੀ ਦੇ ਸੋਹਲੇ ਗਾਏ ਜਾਂਦੇ ਹਨ, ਉਸ ਦੌਰਾਨ ਦੇਸ਼ ਲਈ ਮੂਹਰੇ ਹੋ ਕੇ ਜਾਨਾਂ ਕੁਰਬਾਨ ਕਰਨ ਵਾਲਿਆਂ ਦਾ ਗੁਣਗਾਨ ਹਲਕਾ ਹੀ ਨਜ਼ਰ ਆਉਂਦਾ ਹੈ।

ਹੁਣ ਦੂਸਰਾ ਸਵਾਲ ਇੱਥੇ ਇਹ ਖੜ੍ਹਾ ਹੁੰਦਾ ਹੈ ਕਿ ਜਿਸ ਪ੍ਰਕਾਰ 15 ਅਗਸਤ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਂਦਾ ਹੈ, ਉਸ ਪ੍ਰਕਾਰ 26 ਜਨਵਰੀ ਨਹੀਂ ਮਨਾਇਆ ਜਾਂਦਾ ਹੈ ਜਦਕਿ ਦੋਹਾਂ ਦੀ ਮਹਾਨਤਾ ਨੂੰ ਛੋਟਾ ਵੱਡਾ ਨਹੀਂ ਕੀਤਾ ਜਾ ਸਕਦਾ। ਜੇਕਰ 15 ਅਗਸਤ ਭਾਰਤ ਦੀ ਆਜ਼ਾਦੀ ਦਾ ਪ੍ਰਤੀਕ ਦਿਵਸ ਹੈ ਤੇ 26 ਜਨਵਰੀ ਭਾਰਤ ਦੇ ਨਾਗਰਿਕਾਂ ਦੀ ਸਹੀ ਮਾਅਨਿਆਂ ਵਿਚ ਆਜ਼ਾਦੀ ਦਾ ਪ੍ਰਤੀਕ ਹੈ, ਜਿਸ ਦਿਨ ਤੋਂ ਉਹਨਾਂ ਨੂੰ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਰਾਤਰੀ ਭਾਵ ਸੰਵਿਧਾਨਕ ਹੱਕਾਂ ਦਾ ਅਹਿਸਾਸ ਹੋਣ ਲੱਗਾ। ਹੁਣ ਇਸ ਦੇ ਨਾਲ ਹੀ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਿਵੇਂ ਦੇਸ਼ ਲਈ ਜਾਨਾਂ ਕੁਰਬਾਨ ਕਰਨ ਵਾਲਿਆਂ, ਸਹੀ ਸੁਤੰਤਰਤਾ ਸੰਗਰਾਮੀਆਂ ਨੂੰ ਲੁਕੋਇਆ ਜਾਂਦਾ ਹੈ ਜਾਂ ਬਹੁਤ ਹੀ ਘੱਟ ਜੱਗ ਜ਼ਾਹਿਰ ਕੀਤਾ ਜਾਂਦਾ ਹੈ, ਉਵੇਂ ਹੀ 26 ਜਨਵਰੀ ਜੋ ਗਣਤੰਤਰ ਦਿਵਸ ਵਜੋਂ ਮਨਾਇਆ ਜਾਂਦਾ ਹੈ, ਉਸ ਦਿਨ ਸੰਵਿਧਾਨ ਦੇ ਮੁੱਖ ਨਿ-ਰਮਾਤਾ ਡਾ. ਅੰਬੇਦਕਰ ਜੀ ਨੂੰ ਜਾਂ ਤਾਂ ਭੁਲਾ ਦਿੱਤਾ ਜਾਂਦਾ ਹੈ ਜਾਂ ਫਿਰ ਨਾਮਾਤਰ ਹੀ ਜ਼ਿਕਰ ਕਰਕੇ ਸਾਰ ਦਿੱਤਾ ਜਾਂਦਾ ਹੈ, ਜਦਕਿ ਅਜਿਹਾ ਦੋਵੇਂ ਹੀ ਮਹਾਨ ਦਿਨਾਂ ਤੇ ਨਹੀਂ ਹੋਣਾ ਚਾਹੀਦਾ ਹੈ, ਭਾਵ ਦੇਸ਼ ਲਈ ਜਾਨਾਂ ਕੁਰਬਾਨ ਕਰਨ ਵਾਲਿਆਂ ਅਤੇ ਦੇਸ਼ ਨੂੰ ਸੁਚਾਰੂ ਢੰਗ ਨਾਲ ਚਲਦਾ ਰੱਖਣ ਲਈ ਸੰਵਿਧਾਨ ਨਿਰਮਾਤਾਵਾਂ ਦੇ ਪਾਏ ਵਿਸ਼ੇਸ਼ ਯੋਗਦਾਨ ਨੂੰ ਕਦੇ ਵੀ ਮਨੋਂ ਵਿਸਾਰਨਾ ਨਹੀਂ ਚਾਹੀਦਾ ਹੈ ਜੋ ਅਜਿਹਾ ਦੇਖਣ ਨੂੰ ਬਾਹਰ ਵੀ ਆਇਆ ਹੈ।

ਅੰਤ ਵਿਚ ਆਪਣੇ ਇਸ ਸੰਪਾਦਕੀ ਨੋਟ ਵਿਚ ਇਹ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਭਾਰਤੀ ਖੱਬੇ ਸੱਜੇ ਗਰੁੱਪਾਂ ਵਾਲੇ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਭਾਰਤੀ ਸੰਵਿਧਾਨ ਵਿਚ ਭਾਰਤੀ ਨਾਗਰਿਕਾਂ ਲਈ ਕੰਮ ਦੇ ਅਧਿਕਾਰ ਦਾ ਜ਼ਿਕਰ ਨਹੀਂ ਆਉਂਦਾ। ਇਹ ਇਕ ਵਿਚਾਰਨ ਦਾ ਵਿਸ਼ਾ ਜ਼ਰੂਰ ਹੈ। ਜੇਕਰ ਅਜਿਹਾ ਨਹੀਂ ਹੈ ਤਾਂ ਜ਼ਰੂਰ ਹੋਣਾ ਚਾਹੀਦਾ ਹੈ। ਕੰਮ ਤੋਂ ਬਿਨਾਂ ਕੋਈ ਵੀ ਵਿਅਕਤੀ ਆਪਣਾ ਜੀਵਨ ਕਿਵੇਂ ਨਿਰਬਾਹ ਕਰ ਸਕਦਾ ਹੈ।

ਇਸ ਦੇ ਨਾਲ ਹੀ ਮੈਂ ਬਾਬਾ ਸਾਹਿਬ ਜੀ ਦੇ ਉਹਨਾਂ ਸ਼ਬਦਾਂ ਨੂੰ ਵੀ ਦਰਸਾਉਣਾ ਚਾਹਾਂਗਾ, ਜੋ ਉਹਨਾਂ ਨੇ ਇਸ ਮੌਕੇ ਕਹੇ ਸਨ ਕਿ 26 ਜਨਵਰੀ 1950 ਨੂੰ ਅਸੀਂ ਰਾਜਨੀਤਿਕ ਤੌਰ ਤੇ ਬਰਾਬਰ ਅਤੇ ਆਰਥਿਕ ਤੌਰ ਤੇ ਨਾ-ਬਰਾਬਰ ਹੋਵਾਂਗੇ। ਜਿੰਨੀ ਛੇਤੀ ਹੋ ਸਕੇ, ਇਸ ਭਿੰਨ ਭੇਦ ਅਤੇ ਵਿਤਕਰੇ ਨੂੰ ਦੂਰ ਕਰ ਲਿਆ ਜਾਵੇ। ਅਗਰ ਅਜਿਹਾ ਨਹੀਂ ਕੀਤਾ ਗਿਆ ਤਾਂ ਉਹ ਲੋਕ ਜੋ ਇਸ ਵਿਤਕਰੇ ਦਾ ਸ਼ਿਕਾਰ ਹਨ, ਰਾਜਸੀ ਲੋਕਤੰਤਰੀ ਢਾਂਚੇ ਨੂੰ ਖੇਰੂੰ ਖੇਰੂੰ ਕਰ ਦੇਣਗੇ, ਜੋ ਸੰਵਿਧਾਨਕ ਕਮੇਟੀ ਨੇ ਸਖ਼ਤ ਮਿਹਨਤ ਨਾਲ ਤਿਆਰ ਕੀਤਾ ਹੈ। ਇਸ ਤੋਂ ਇਹ ਭਾਵ ਵੀ ਸਪਸ਼ਟ ਹੋ ਜਾਂਦਾ ਹੈ ਕਿ ਜੋ ਸਵਾਲ ਖੱਬੇ ਸੱਜੇ ਗਰੁੱਪ ਅੱਜ ਉਠਾ ਰਹੇ ਹਨ, ਬਾਬਾ ਸਾਹਿਬ ਉਸ ਪ੍ਰਤੀ ਪਹਿਲਾਂ ਹੀ ਸੁਚੇਤ ਸਨ ਪਰ ਸੰਵਿਧਾਨ ਬਣਾਉਣ ਵਕਤ ਬਾਬਾ ਸਾਹਿਬ ਦੀ ਹਰੇਕ ਗੱਲ ਨੂੰ ਤਾਂ ਨਹੀਂ ਮੰਨ ਲਿਆ ਗਿਆ। ਹੁਣ ਸਭ ਇਕੱਠੇ ਹੋ ਕੇ ਕੰਮ ਦੇ ਅਧਿਕਾਰ ਨੂੰ ਸੰਵਿਧਾਨਕ ਹੱਕ ਵਜੋਂ ਲਾਗੂ ਕਰਵਾਉਣ ਅਤੇ ਇਹ ਹਰੇਕ ਰਾਜਨੀਤਿਕ ਪਾਰਟੀ ਦਾ ਪਹਿਲਾ ਫਰਜ਼ ਹੋਣਾ ਚਾਹੀਦਾ ਹੈ। ਜੇਕਰ ਕੋਈ ਪਾਰਟੀ ਇਸ ਦਾ ਵਿਰੋਧ ਕਰਦੀ ਹੈ ਤਾਂ ਵੋਟਰ ਇਹ ਸਮਝ ਲੈਣ ਕਿ ਉਹ ਪਾਰਟੀ ਲੋਕ ਹਿੱਤਾਂ ਦਾ ਘਾਣ ਕਰਦੀ ਹੈ।

ਅੱਜ ਸਮਾਂ ਮੰਗ ਕਰਦਾ ਹੈ ਕਿ ਅਸੀਂ ਸਭ ਜਾਤਾਂ-ਪਾਤਾਂ, ਵਰਗਾਂ-ਧਰਮਾਂ ਤੋਂ ਉਪਰ ਉੱਠ ਕੇ ਜਿਹਨਾਂ ਦੇਸ਼ ਦੀ ਆਜ਼ਾਦੀ ਲਈ ਆਪਣਾ ਖ਼ੂਨ ਪਸੀਨਾ ਹੀ ਨਹੀਂ ਬਲਕਿ ਆਪਣਾ ਘਰ-ਬਾਰ ਤਿਆਗ ਕੇ ਆਪਣੀਆਂ ਜਾਨਾਂ ਵੀ ਕੁਰਬਾਨ ਕਰ ਦਿੱਤੀਆਂ, ਨੂੰ ਸੱਚੇ ਮਨੋਂ 15 ਅਗਸਤ ਨੂੰ ਜ਼ਰੂਰ ਯਾਦ ਕਰਦੇ ਰਹੀਏ ਤੇ 26 ਜਨਵਰੀ ਨੂੰ ਉਹਨਾਂ ਨੂੰ ਵੀ ਹਮੇਸ਼ਾਂ ਦਿਲੋਂ, ਸੱਚੇ ਮਨ ਨਾਲ ਯਾਦ ਕਰਦੇ ਰਹੀਏ, ਜਿਹਨਾਂ ਨੂੰ ਗੈਰ ਮਾਨਵਤਾਵਾਦੀ ਸਿਧਾਂਤ ਨੂੰ ਭਾਰਤੀ ਸੰਵਿਧਾਨ ਵਿਚ ਉਸੇ ਤਰ੍ਹਾਂ ਕੋਈ ਜਗ੍ਹਾ ਹੀ ਨਹੀਂ ਮਿਲੀ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਸਥਾਨ ਨਹੀਂ ਦਿੱਤਾ ਗਿਆ।

ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਆਪ ਸਭ ਨੂੰ 65ਵੇਂ ਗਣਤੰਤਰ ਦਿਵਸ ਮਨਾਏ ਜਾਣ ਦੀ ਹਾਰਦਿਕ ਵਧਾਈ ਦਿੰਦਾ ਹੈ।

# ਕੈਲੇਫੋਰਨੀਆ ਇੰਸ਼ੋਰੈਂਸ ਕਮਿਸ਼ਨਰ ਮਿਸਟਰ ਡੇਵ ਜੋਨਜ਼ ਲਈ ਆਉਣ ਵਾਲੀ ਇਲੈਕਸ਼ਨ ਲਈ ਫੰਡ ਰੇਜ਼ ਕੀਤਾ ਗਿਆ















ਸਕੱਤਰ ਵਜੋਂ ਸਟੇਜ ਸੰਭਾਲਦਿਆਂ ਸ੍ਰੀ ਜਗਦੇਵ ਰਾਮ ਜੀ ਨੇ ਵਾਰੀ ਵਾਰੀ ਡਾ: ਰਮੇਸ਼ ਜਾਪਰਾ, ਜੋਅ ਜੌਹਲ, ਅਜੇਪਾਲ ਰਾਮ, ਡਾ: ਰਾਜ ਸਲਵਾਨ, ਅਨਿਲ ਯਾਦਵ, ਐਸ ਕਾਲੜਾ, ਡੇਵ ਜੋਨਜ਼, ਮਾਇਕ ਹਾਂਡਾ ਆਦਿ ਨੂੰ ਆਪੋ ਆਪਣੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ। ਤਕਰੀਬਨ ਸਭਨਾਂ ਨੇ ਗਣਤੰਤਰ ਦਿਵਸ ਅਤੇ ਫੰਡ ਰੇਜਿੰਗ ਬਾਰੇ ਜ਼ਿਕਰ ਕਰਦਿਆਂ ਭਾਰਤ ਅਤੇ ਅਮਰੀਕਾ ਨੂੰ ਦੁਨੀਆਂ ਦੇ ਵੱਡੇ ਲੋਕਤੰਤਰ ਵਜੋਂ ਪੇਸ਼ ਕੀਤਾ। ਖਾਸ ਕਰਕੇ ਡੇਵ ਜੋਨਜ਼ ਨੇ ਇੰਸ਼ੋਰੈਂਸ ਖੇਤਰ ਵਿਚ ਉਹਨਾਂ ਦੀ ਤੇ ਅਮਰੀਕਾ ਦੀ ਕੀ ਭੂਮਿਕਾ ਹੈ, ਬਾਰੇ ਸੰਖੇਪ ਵਿਚ ਚਾਨਣਾ ਪਾਉਂਦਿਆਂ ਕਿਹਾ ਕਿ 40 ਵੱਡੀਆਂ ਕੰਪਨੀਆਂ ਹਨ, ਜਿਹਨਾਂ ਰਾਹੀਂ 500 ਮਿਲੀਅਨ ਲੋਕਾਂ ਨੂੰ ਲਾਭ ਮਿਲ ਰਿਹਾ ਹੈ। ਉਹ ਆਪਣੀਆਂ ਸੇਵਾਵਾਂ ਰਾਹੀਂ ਵੱਧ ਤੋਂ ਵੱਧ ਲੋਕਾਂ ਦਾ ਫਾਇਦਾ ਕਰਨਾ ਚਾਹੁੰਦੇ ਹਨ। ਸ੍ਰੀ ਅਜੇਪਾਲ ਰਾਮ ਤੇ ਹੋਰਨਾਂ ਬੁਲਾਰਿਆਂ ਨੇ ਗਣਤੰਤਰ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਅਮਰੀਕਾ ਵਿਚ ਅਲੱਗ-ਅਲੱਗ ਖੇਤਰਾਂ ਵਿਚ ਹਰ ਤਰ੍ਹਾਂ ਦੇ ਸਹਿਯੋਗ ਦੇ ਨਾਲ ਨਾਲ ਇਥੋਂ ਰਾਜਨੀਤੀ ਵਿਚ ਅੱਗੇ ਆਉਣ ਦੀ ਬਹੁਤ ਜ਼ਰੂਰਤ ਹੈ। ਆਪੋ ਆਪਣੀ ਯੋਗਤਾ ਲਈ ਅੱਗੇ ਵਧਣ ਦੇ ਸਭ ਲਈ ਬਰਾਬਰ ਮੌਕੇ ਹਨ। ਇਹੀ ਤਾਂ ਲੋਕਤੰਤਰ ਹੈ।





Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਇੰਡੀਅਨ ਕਮਿਊਨਿਟੀ ਸੈਂਟਰ ਮਿਲਪੀਟਸ ਵਿਖੇ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ


ਮਿਲਪੀਟਸ (ਬਿਊਰੋ) ਭਾਰਤ ਦੇ ਗਣਤੰਤਰ ਦਿਵਸ ਮੌਕੇ ਅਮਰੀਕਾ ਦੀ ਧਰਤੀ ਤੇ ਜਿੱਥੇ ਵੱਖ ਵੱਖ ਸੂਬਿਆਂ ਅਤੇ ਖੇਤਰਾਂ ਵਿਚ ਭਾਰਤੀ ਮੂਲ ਦੇ ਲੋਕਾਂ ਨੇ ਗਣਤੰਤਰ ਦਿਵਸ ਆਪੋ ਆਪਣੇ ਤਰੀਕਿਆਂ ਅਤੇ ਰਵਾਇਤਾਂ ਨਾਲ ਮਨਾਇਆ, ਉਥੇ ਹੀ ਮਿਲਪੀਟਸ ਦੇ ਕਮਿਊਨਿਟੀ ਸੈਂਟਰ ਵਿਖੇ ਮਨਾਏ ਗਏ ਗਣਤੰਤਰ ਦਿਵਸ ਦਾ ਨਜ਼ਾਰਾ ਕੁਝ ਵੱਖਰਾ ਅਤੇ ਦਿਲਕਸ਼ ਰਿਹਾ ਹੈ। ਇਹ ਸਮਾਗਮ ਭਾਰਤੀ ਕੌਂਸਲੇਟ ਸਾਨ-ਫਰਾਂਸਿਸਕੋ ਦੇ ਮੁੱਖ ਅਧਿਕਾਰੀ ਸ੍ਰੀ ਪਾਰਥਸਾਰਥੀ ਅਤੇ ਡਿਪਟੀ ਸ੍ਰੀ ਆਨੰਦ ਝਾਅ ਦੀ ਅਗਵਾਈ ਵਿਚ ਹੋਇਆ। ਸ਼ਾਨਦਾਰ ਝਲਕੀਆਂ, ਗੀਤ, ਸੰਗੀਤ, ਰਵਾਇਤੀ ਡਾਂਸ ਅਤੇ ਵੱਖ ਵੱਖ ਬੁਲਾਰਿਆਂ ਦੀਆਂ ਤਕਰੀਰਾਂ ਨੇ ਇਸ ਸਮਾਗਮ ਦੌਰਾਨ ਇਕ ਵੱਖਰਾ ਹੀ ਰੰਗ ਭਰ ਦਿੱਤਾ। ਇਸ ਸਮਾਗਮ ਵਿਚ ਅਮਰੀਕਾ ਭਰ ਤੋਂ ਸਥਾਨਕ ਭਾਸਵਾਂ ਦੇ ਪੱਤਰਕਾਰਾਂ ਨੂੰ ਵਿਸ਼ੇਸ਼ ਤੌਰ ਤੇ ਸੱਦਿਆ ਗਿਆ।

ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਤੋਂ ਸ੍ਰੀ ਦਵਿੰਦਰ ਸਿੰਘ ਧੂਤ, ਰਾਮ ਪਾਲ ਅਤੇ ਅਜੇਪਾਲ, ਪਾਲ ਸਹੋਤਾ ਸਮੇਤ ਉਘੀਆਂ ਹਸਤੀਆਂ ਸ਼ਾਮਲ ਹੋਈਆਂ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਭਾਰਤ ਦੇ ਲੋਕਰਾਜੀ ਅਤੇ ਇਸ ਦੇ ਭਵਿੱਖ ਅਤੇ ਦਰਪੇਸ਼ ਚੁਣੌਤੀਆਂ ਬਾਰੇ ਵਿਸਥਾਰ ਵਿਚ ਤਕਰੀਰਾਂ ਕੀਤੀਆਂ।

















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ

## ਪੰਜਾਬ ਸਰਕਾਰ ਵੱਲੋਂ ਮਨਾਏ ਗਏ ਗਣਤੰਤਰ ਦਿਵਸ ਦੀਆਂ ਝਲਕੀਆਂ




ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵਿਖੇ ਹੋਏ ਗਣਤੰਤਰ ਦਿਵਸ ਸਮਾਗਮ ਮੌਕੇ ਸਪੀਕਰ ਸ. ਚਰਨਜੀਤ ਸਿੰਘ ਅਟਵਾਲ ਕੌਮੀ ਝੰਡੇ ਨੂੰ ਸਲਾਮੀ ਦਿੰਦੇ ਹੋਏ। ਹੇਠਾਂ ਸ. ਅਟਵਾਲ ਦੇ ਨਾਲ ਹੀ ਐਸ. ਪੀ. ਫਤਿਹਗੜ੍ਹ ਸਾਹਿਬ ਸ. ਬਲਵੰਤ ਸਿੰਘ ਪਰੇਡ ਦਾ ਨਿਰੀਖਣ ਕਰਦੇ ਨਜ਼ਰ ਆ ਰਹੇ ਹਨ।



# ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਨੇ ਮਨਾਇਆ ਪੁੱਤ ਤੇ ਧੀ ਦਾ ਸਾਂਝੇ ਤੌਰ ਤੇ ਸਮਰਪਿਤ ਬੇਬੀ ਡੇ




















19 ਜਨਵਰੀ 2014 ਨੂੰ 'ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ' ਦੇ ਬੈਨਰ ਹੇਠ 'ਦਲ ਖਾਲਸਾ ਅਲਾਇੰਸ', 'ਇੰਟਰਨੈਸ਼ਨਲ ਸਿੱਖ ਸਾਹਿਤ ਸਭਾ', ਅਤੇ ਹੋਰ ਬਹੁਤ ਸਾਰੀਆਂ ਸਹਿਯੋਗੀ ਸੰਸਥਾਵਾਂ ਉਪ੍ਰੰਤ ਕੁੱਝ ਖਾਸ ਵਿਅਕਤੀਗਤ ਸਖਸ਼ੀਅਤਾਂ ਦੇ ਸਹਿਯੋਗ ਨਾਲ 'ਫਲਾਮਿੰਗੋ ਬੈਨਕੁੱਟ ਹਾਲ ਵਲੇਹੋ' ਵਿੱਖੇ ਇੱਕ ਸਮਾਜਿਕ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ।

ਇਸ ਇਤਿਹਾਸਕ ਪ੍ਰੋਗਰਾਮ ਦਾ ਮੁੱਖ ਮੰਤਵ ਸਮਾਜ ਵਿੱਚ ਪੁੱਤਰ ਦੇ ਬਰਾਬਰ ਧੀ ਨੂੰ ਸਨਮਾਨ ਦਿਵਾਉਣਾ, ਧੀਆਂ ਦੇ ਵਿਰੁੱਧ ਚਲ ਰਹੀ ਭਰੂਣ ਹੱਤਿਆ ਨੂੰ ਠੱਲ ਪਾਉਣਾ, ਧੀਆਂ ਦੇ ਹੱਕ ਵਿੱਚ ਉੱਠੀ ਸਮਾਜ ਸੁਧਾਰ ਲਹਿਰ ਨੂੰ ਸਫਲ ਬਣਾਉਣਾ ਅਤੇ ਲੋਹੜੀ ਵਾਲੇ ਦਿਨ ਨੂੰ ਪੁੱਤਰ ਅਤੇ ਧੀ ਨੂੰ ਸਾਂਝੇ ਤੌਰ ਤੇ ਸਮਰਪਿਤ 'ਬੇਬੀ ਡੇ' ਦੇ ਤੌਰ ਤੇ ਮਨਾਉਣ ਦੀ ਨਵੀਂ ਪਿਰਤ ਪਾਉਣਾ ਸੀ। ਇਸ ਪ੍ਰੋਗਰਾਮ ਦਾ ਪ੍ਰਬੰਧ ਅਤੇ ਮੁੱਖ ਭੂਮਿਕਾ 'ਦਲ ਖਾਲਸਾ ਅਲਾਇੰਸ' ਦੇ ਪ੍ਰਧਾਨ, ਸ੍ਰ:ਪਰਮਜੀਤ ਸਿੰਘ ਸੇਖੋਂ (ਦਾਖਾ) ਵੱਲੋਂ ਨਿਭਾਈ ਗਈ ਜਿਨ੍ਹਾਂ ਨੇ ਅਮਰੀਕਨ ਸਿੱਖ ਇਤਿਹਾਸ ਚ ਪਹਿਲ ਦੇ ਅਧਾਰ ਤੇ, ਸਾਲ 2005 ਵਿੱਚ ਧੀਆਂ ਦੀ ਲੋਹੜੀ ਮਨਾ ਕੇ ਅੰਤ੍ਰਰਾਸ਼ਟਰੀ ਪੱਧਰ ਤੇ ਸਿੱਖ ਸਮਾਜ ਵਿੱਚ ਧੀਆਂ ਦੀ ਲੋਹੜੀ ਮਨਾਉਣ ਦੀ ਇੱਕ ਨਵੀਂ ਪਿਰਤ ਪਾਈ ਸੀ, ਜਿਸ ਦੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀ ਭਰਪੂਰ ਸ਼ਲਾਘਾ ਕੀਤੀ ਗਈ। ਨਤੀਜੇ ਦੇ ਤੌਰ ਤੇ ਅੱਜ ਦੁਨੀਆਂ ਭਰ ਵਿੱਚ ਥਾਂ ਥਾਂ ਤੇ ਧੀਆਂ ਦੀ ਲੋਹੜੀ ਤੋਂ ਬਾਅਦ ਬੇਬੀ ਡੇ ਮਨਾਉਣਾ ਸ਼ੁਰੂ ਹੋ ਗਿਆ ਹੈ।

ਧੀਆਂ ਦੀ ਲੋਹੜੀ ਰਾਹੀਂ 'ਬੇਬੀ ਡੇ' ਨੂੰ ਸਮਰਪਿਤ ਇਸ ਪ੍ਰੋਗਰਾਮ ਨੂੰ 'ਗਲੋਬਲ ਪੰਜਾਬ' ਟੀ ਵੀ ਚੈਨਲ ਤੇ, ਇਸ ਚੈਨਲ ਦੇ ਕੈਲੀਫੋਰਨੀਆ ਬਿਊਰੋ ਚੀਫ ਸ੍ਰ: ਜਗਦੇਵ ਸਿੰਘ ਭੰਡਾਲ ਨੇ, 3 ਘੰਟੇ ਲਾਈਵ ਵਿਖਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ।


ਖਚਾਖਚ ਭਰੇ ਇਸ ਹਾਲ ਵਿਚਲੇ ਪਰਿਵਾਰਾਂ ਦੇ ਠਾਠਾਂ ਮਾਰਦੇ ਇੱਕਠ, ਉਨ੍ਹਾਂ ਦੇ ਜੋਸ਼ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਸੁਣ ਕੇ ਇੰਜ ਲੱਗ ਰਿਹਾ ਸੀ ਜਿਵੇਂ ਇਹ ਗਦਰੀ ਬਾਬਿਆਂ ਦੇ ਵਾਰਿਸ ਅਮਰੀਕਾ ਦੀ ਧਰਤੀ ਤੋਂ ਅੱਜ ਫਿਰ ਆਪਣੇ ਲੋਕਾਂ ਦੀ ਗੈਰਤ ਨੂੰ ਜਗਾ ਕੇ ਆਪਣੀ ਕੌਮ ਵਿੱਚ ਆਈਆਂ ਤਰੁੱਟੀਆਂ, ਅਲਾਮਤਾਂ, ਸਮਾਜਿਕ ਕੁਰੀਤੀਆਂ ਅਤੇ ਇਖਲਾਕੀ ਗਿਰਾਵਟਾਂ ਨੂੰ ਦਲਿਦਰ ਸਮਝਦਿਆਂ ਅੱਗ ਵਿੱਚ ਸਾੜਕੇ, ਆਪਣੀ ਕੌਮ ਦੇ ਉਜੱਲੇ ਭਵਿੱਖ, ਸਮਾਜਿਕ ਬਰਾਬਰਤਾ ਅਤੇ ਉਸਾਰੂ ਸੋਚ ਨੂੰ ਈਸ਼ਰ ਸਮਝ ਕੇ, ਲੋਹੜੀ ਦਾ ਗੀਤ ਗਾਉਂਦੇ ਹੋਏ, ਲੋਹੜੀ ਵਾਲੇ ਦਿਨ ਨੂੰ ਪੁੱਤਰ ਅਤੇ ਧੀ ਨੂੰ ਸਾਂਝੇ ਤੌਰ ਤੇ ਸਮਰਪਿਤ 'ਬੇਬੀ ਡੇ' ਮਨਾਉਣ ਦੀ ਇੱਕ ਨਵੀਂ ਪਿਰਤ ਪਾ ਰਹੇ ਹੋਣ। ਬੇਬੀ ਡੇ ਦੀ 'ਦਲ ਖਾਲਸਾ ਅਲਾਇੰਸ', ਰਾਹੀਂ ਉੱਠੀ ਇਹ ਆਵਾਜ਼ ਇੱਕ ਲੋਕ ਲਹਿਰ ਦਾ ਰੂਪ ਧਾਰਨ ਕਰੇਗੀ ਅਤੇ ਧੀਆਂ ਨੂੰ ਪੁੱਤਰਾਂ ਵਾਂਗ ਸਨਮਾਨ ਦਿਵਾਉਣ ਵਿੱਚ ਸਹਾਈ ਹੋਵੇਗੀ।

# ਯੂਬਾ ਸਿਟੀ ਵਿਖੇ ਸ੍ਰੀ ਅਖੰਡ ਪਾਠ ਲੜੀ ਆਰੰਭ

## ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਗੁਰਪੁਰਬ ਦਿਹਾੜੇ ਨੂੰ ਸਮਰਪਿਤ ਪਹਿਲਾ ਸ੍ਰੀ ਅਖੰਡ ਪਾਠ ਬੀਬੀਆਂ ਵੱਲੋਂ ਸਮੂਹ ਸਾਧ ਸੰਗਤ ਨਾਲ ਮਿਲ ਕੇ ਰਖਾ ਕੇ ਭੋਗ ਪਾਏ ਗਏ







ਯੂਬਾ ਸਿਟੀ (ਦਿਲਵਿੰਦਰ ਰੱਲ੍ਹ) ਵਿਸ਼ਵ ਭਾਈਚਾਰੇ ਦੇ ਹਾਮੀ, ਸਾਂਝੀਵਾਲਤਾ, ਸਮਾਨਤਾ, ਆਜ਼ਾਦੀ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 637ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠਾਂ ਦੀ ਲੜੀ ਦਾ ਪਹਿਲਾ ਸ੍ਰੀ ਅਖੰਡ ਪਾਠ ਬੀਬੀਆਂ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 24 ਜਨਵਰੀ ਦਿਨ ਸ਼ੁੱਕਰਵਾਰ ਨੂੰ ਰਖਾਇਆ ਗਿਆ ਅਤੇ 26 ਜਨਵਰੀ ਦਿਨ ਐਤਵਾਰ ਨੂੰ ਭੋਗ ਪਾਏ ਗਏ। ਤਿੰਨੋ ਦਿਨ ਇਲਾਹੀ ਬਾਣੀ ਦਾ ਲਗਾਤਾਰ ਪਾਠ ਹੋਇਆ ਤੇ ਸ਼ੁੱਕਰਵਾਰ, ਸ਼ਨੀਵਾਰ ਦੀਆਂ ਸ਼ਾਮਾਂ ਨੂੰ ਕੀਰਤਨ ਦਰਬਾਰ ਸਜਾਏ ਗਏ।

ਜਿਸ ਦੌਰਾਨ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਕੁਲਵਿੰਦਰ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸੇ ਤਰ੍ਹਾਂ ਹੀ 26 ਜਨਵਰੀ ਦਿਨ ਐਤਵਾਰ ਨੂੰ ਕੀਰਤਨ ਦਰਬਾਰ ਸਜਾਏ ਗਏ।

ਇਸ ਮੌਕੇ ਵੀ ਭਾਈ ਕੁਲਵਿੰਦਰ ਸਿੰਘ ਜੀ ਤੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਿਆ। ਇਹਨਾਂ ਤੋਂ ਇਲਾਵਾ ਸ਼ਾਇਰ ਗੁਰਦੀਪ ਸਿੰਘ ਹੀਰਾ ਨੇ ਧਾਰਮਿਕ ਗੀਤ, ਕਵਿਤਾਵਾਂ ਨਾਲ ਸੰਗਤਾਂ ਨਾਲ ਆਪਣੀ ਸਾਂਝ ਪਾਈ। ਸਟੇਜ ਦੀ ਸੇਵਾ ਸੰਭਾਲਦਿਆਂ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਵੀ ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ ਨਾਲ ਸੰਗਤਾਂ ਨਾਲ ਆਪਣੀ ਸਾਂਝ ਪਾਉਂਦਿਆਂ ਕਿਹਾ ਕਿ ਮਾਣਯੋਗ ਬੀਬੀਆਂ ਨੇ ਜਿਵੇਂ ਇਹ ਉਪਰਾਲਾ ਕੀਤਾ, ਬਹੁਤ ਹੀ ਸ਼ਲਾਘਾਯੋਗ ਹੈ, ਜਿਸ ਲਈ ਸਮੂਹ ਪ੍ਰਬੰਧਕ ਕਮੇਟੀ ਸਾਰੀਆਂ ਬੀਬੀਆਂ ਦਾ ਤਹਿ ਦਿਲੋਂ ਸ਼ੁਕਰਾਨਾ ਕਰਦੀ ਹੈ। ਵਾਹਿਗੁਰੂ ਇਨ੍ਹਾਂ ਬੀਬੀਆਂ ਦੀ ਸੇਵਾ ਨੂੰ ਕਬੂਲ ਕਰੇ ਅਤੇ ਉਹਨਾਂ ਦੀਆਂ ਮਨੋਕਾਮਨਾਵਾਂ ਨੂੰ ਪੂਰਾ ਕਰੇ।

ਪਹਿਲਾਂ ਦੀ ਤਰ੍ਹਾਂ ਗੁਰੂ ਘਰ ਦੀ ਕਮੇਟੀ ਦੇ ਖਜ਼ਾਨਚੀ ਸ੍ਰੀ ਦਿਲਵਿੰਦਰ ਰੱਲ੍ਹ ਜੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਗੁਰੂ ਘਰ ਲਈ ਜਿੰਨੀ ਵੀ ਸ਼ਰਧਾ ਨਾਲ ਸੇਵਾ ਕਰ ਸਕਦੇ ਹੋ, ਜ਼ਰੂਰ ਕਰੋ ਜੀ। ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਕਿ ਸੰਗਤਾਂ ਇਸੇ ਤਰ੍ਹਾਂ ਗੁਰੂ ਘਰ ਨਾਲ ਹਮੇਸ਼ਾ ਜੁੜੀਆਂ ਰਹਿਣ ਤੇ ਹੋਰਨਾਂ ਸੰਗਤਾਂ ਨੂੰ ਲਿਆਉਣ ਦੀ ਜਿੱਥੋਂ ਤੱਕ ਕੋਸ਼ਿਸ਼ ਹੋ ਸਕੇ, ਜ਼ਰੂਰ ਕਰੋ ਜੀ।

ਫਰਵਰੀ 23 ਨੂੰ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ 637 ਪ੍ਰਕਾਸ਼ ਦਿਹਾੜਾ ਬਹੁਤ ਸ਼ਰਧਾ ਪੂਰਵਕ ਮਨਾਏ ਜਾਣਗੇ, ਉਸ ਵਾਸਤੇ ਆਪਣੇ ਸਕੇ ਸਬੰਧੀ ਤੇ ਸੱਜਣ ਮਿੱਤਰਾਂ ਨੂੰ ਲਿਆਉਣ ਦੀ ਕਿਰਪਾਲਤਾ ਕਰਨਾ ਜੀ।

ਇਸ ਉਪਰੰਤ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਮੁੱਖ ਗ੍ਰੰਥੀ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

Nationwide®

AUTO HOME LIFE

BUNDLE & SAVE UPTO 25%

Let Nationwide combine your auto, home and life insurance policies. You'll get our famous On Your Side * service and you could save up to 25%. To learn more about combining your policies, call us today.

Nationwide* Insurance
www.nationwide.com/jhamat

Manjinder S Jhamat
Jhamat Insurance Agency
1743 Grand Canal Blvd. Suite 12
Stockton CA 95207
(209) 472-2061
jhamatm@nationwide.com

Products underwritten by Nationwide Mutual Insurance Company and Affiliated Companies, Columbus, OH, Subject to underwriting guidelines, review and approval. Nationwide, the Nationwide Framemark, and On Your Side are service marks of Nationwide Mutual Insurance Company, Saving compared to standalone price of each policy, based on national new customer data from May 2010. Availability and discounts vary by state and other factors. ADP-1230 (06/11)



Manjinder S Jhamat

INDIA BAZAAR




Jai Ram Gaught
Harjit Gaught (Happy)

Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com
1304-E HAMMER LANE, Suite 12, STOCKTON CA, 95210

FREE WiFi

Ram Gopal



Annabelle's
Pizza & Pasta Kitchen

200 "J" Street
Sacramento, CA 95814 (916) 448-6239

BIG SCREEN TV

Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!





FREE WiFi
Varieties of Video Games Available
Variety of Sandwiches are also available
FREE WiFi
FREE WiFi

Ram Gopal (916) 448-6239
200 "J" Street, Sacramento, CA 95814

IT'S TIME TO MAKE YOUR TRAVEL ARRANGEMENTS!
World Wide Travels CST #2078473-40

Lowest Airfares Guaranteed
CALL: (530) 674-4710



SFO-DEL $615* (ROUND TRIP)
*Fees and taxes will apply

Special Fares for:
- India
- Pakistan
- Asia
- Mexico
- Europe
- Canada

Our Services Include:
- Airline Tickets
- Vacation Packages
- Passport Services
- Visa Services
- Bus Tickets (Delhi-Punjab)

and more!



CALL: (530) 674-4710

ਅਗਰ ਤੁਸੀ ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
ਲੱਭ ਰਹੇ ਹੋ ਤਾ ਟਿਕਟ ਖ੍ਰੀਦਣ ਤੋ ਪਹਿਲਾਂ ਇੱਕ ਵਾਰ ਸਾਡੇ ਨਾਲ ਜਰੂਰ ਸੰਪਰਕ ਕਰੋ

552 N. Palora Ave. Suite E · Yuba City, CA 95991
www.worldwidetrvls.com

Plane tickets for most major airlines!

# Kash FABRICS

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

### ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL
BOUTIQUE
JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS

ONE STOP SHOPPING CENTER

29576 Mission Blvd, Hayward, CA 94544

Visit us on the Web at www.kashfabrics.com

**Phone: 510-538-1138**



# HAPPY TRAVELS AGENCY



Harjit (Happy)
Agency Owner
HappyTravels Agency

Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijii, Uk, Europe and All Over The World

Email: happytravelsusa@yahoo.com

PHONE: 209-594-8473
E-FAX: 877-623-6177

1743 GRAND CANAL BLVD
12 STOCKTON, CA 95207



# Mikasa HOMES & FUNDING

## Rakesh Chander

Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com



# AAA AUTO AND BODY WORKS


ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



Prop: Jasbir Singh Takhar
510-755-2132

We Do Complete Engine Transmission, Body and Paint Work We Sell Used Cars at a Good Price

Free Estimates
Free Towing



Harmandeep Singh

**510- 733- 2222**

1421 Industrial PKWY West#F Hayward, CA 94544



# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH
11:00 AM TO
3:00 PM.

WE ARE OPEN
SEVEN DAYS
11AM TO 10PM



ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

Contact Us:
Ph. 510-885-1212,
Fax 510-885-1532



Surinder Koka
www.haywardtandoor.com

# ਭੁੱਲਿਆ ਫਿਰਦਾ ਬੰਦਿਆ

ਭੁੱਲਿਆ ਫਿਰਦਾ ਬੰਦਿਆ ਤੂੰ ਸਿੱਧੇ ਰਸਤੇ ਤੇ ਪੈਜਾ
ਜਿਹੜੀ ਮੰਜਲ ਹੈ ਤੇਰੀ ਉਸੇ ਮੰਜ਼ਿਲ ਤੇ ਬਹਿਜਾ
ਭੁੱਲਿਆ ਫਿਰਦੇ ਬੰਦਿਆਂ ਤੂੰ ਸਿੱਧੇ ਰਸਤੇ ਤੇ ਪੈਜਾ
ਭੁੱਲਿਆ ਫਿਰਦੈ..



ਹਰੀ ਕਾਲੀਆ
530- 671-9065

ਉਹਦਾ ਰਾਹ ਹੈ ਸੱਚਾ ਬਾਕੀ ਰਸਤੇ ਝੂਠੇ ਨੇ
ਦੇਣ ਵਾਲਾ ਉਹੀ ਰੱਬ ਵਿਚ ਬਾਕੀਆਂ ਦੇ ਠੂਠੇ ਨੇ
ਜੋ ਦਿੰਦਾ, ਜੋ ਦਿੰਦਾ ਹੱਸ ਕੇ ਤੂੰ ਭਰਕੇ ਝੋਲੀ ਵਿਚ
ਲੈਜਾ ਭੁੱਲਿਆ ਫਿਰਦੈ...

ਦੁਨੀਆਂ ਦੇ ਕੰਮਾਂ ਵਿਚ ਜਿੰਦੜੀ ਤੂੰ ਪਾਈ ਵੇ
ਸੱਚੇ ਨਾਮ ਵਾਲੀ ਕੀਤੀ ਕਦੀ ਨਾ ਕਮਾਈ ਵੇ
ਛੱਡ ਧੰਦੇ, ਛੱਡ ਬੰਦੇ ਬੰਦਿਆ ਤੂੰ ਬਣ ਕੇ ਉਸਦਾ ਬੱਸ ਰਹਿ ਜਾ
ਭੁੱਲਿਆ ਫਿਰਦੈਂ...

ਉਹਦੇ ਬਿਨਾਂ ਬੰਦਿਆ ਤੈਨੂੰ ਮਿਲਣਾ ਨਹੀਂ ਵਾਰਸ ਬਈ
ਤੂੰ ਹੈਂ ਖਾਧਾ ਜੰਗ ਦਾ ਲੋਹਾ, ਉਹ ਤਾਂ ਹੈ ਪਾਰਸ ਬਾਈ
ਬਣ ਸੋਨਾ, ਬਣ ਸੋਨਾ ਇਕ ਵਾਰੀ ਸੱਚੀ ਧਰਮ ਨਲ ਬਹਿਜਾ
ਭੁੱਲਿਆ ਫਿਰਦੈਂ...

ਭੈਣ ਭਾਈ ਰਿਸ਼ਤੇਦਾਰਾਂ ਤੇਰੇ ਕੋਈ ਹੋਣਾ ਨਹੀਂ
ਦੁਨੀਆਂ ਜਦ ਛੱਡੂ ਤੈਨੂੰ ਬਹੁਤਾ ਚਿਰ ਰੋਣਾ ਨਹੀਂ
ਗੱਲ ਸੱਚੀ ਗੱਲ ਸੋਚੀ ਬੰਨ੍ਹ ਕੇ ਤੂੰ ਆਪਣੇ ਪੱਕੇ ਨਾਲ ਝੇਰਾ
ਭੁੱਲਿਆ ਫਿਰਦੈਂ...

ਸੁਣ ਕੇ ਗੱਲ 'ਕਾਲੀਆ' ਮੇਰੀ ਬਣਨੀ ਹੈ ਮਿੱਟੀ ਤੇਰੀ
ਢੁੱਕਣੀ ਜਦ ਮੌਤ ਦੀ ਹਨੇਰੀ ਚੱਲਣੀ ਨਹੀਂ ਫਿਰ ਕੋਈ ਤੇਰੀ
ਮਨ ਜੋ ਸੋਚ ਹੈ ਮਨ ਜੋ ਸੱਚ ਹੈ ਬੰਦਿਆ ਤੂੰ ਸੱਚੀ ਸੱਚ ਨੂੰ ਸੱਚ ਕਹਿ ਜਾ
ਭੁੱਲਿਆ ਫਿਰਦੈ....

# ਅੱਖ 'ਚ ਵਾਲ਼- ਕੇਜਰੀਵਾਲ਼ !

ਪਰਦੇ ਫੋਲਦਾ ਸਿਆਸਤੀ ਲੋਟੂਆਂ ਦੇ,
ਬਣੀ ਜਾਣ ਜੋ ਚੋਰਾਂ ਦੀ ਢਾਲ਼ ਮੀਆਂ।
ਅਫਸਰ ਸ਼ਾਹੀ ਦੇ ਨੱਕ ਨਕੇਲ ਪਾਈ,
ਕਰਦੇ ਰਹਿਣ ਜੋ ਫਰਜ਼ਾਂ ਤੋਂ ਟਾਲ਼ ਮੀਆਂ।
ਸਿਸਟਮ ਬਦਲ ਕੇ ਚੋਰੀਆਂ-ਮੋਰੀਆਂ ਦਾ,
ਉਸਨੇ ਠੋਕ 'ਤੀ ਚੂਲ਼ ਵਿੱਚ ਫਾਲ਼ ਮੀਆਂ।
ਚੰਗਾ ਲੱਗੇ ਨਾ ਭਗਵਿਆਂ-ਚਿੱਟਿਆਂ ਨੂੰ,
ਆਮ ਆਦਮੀ 'ਆਪ' ਦੇ ਨਾਲ਼ ਮੀਆਂ।
ਮਚੇ ਕੁਫਰ ਵਿੱਚ ਬੋਲਦਾ ਸੱਚ ਤਾਹੀਉਂ,
ਗ਼ਲਦੀ ਨਹੀਂ ਵਿਚਾਰੇ ਦੀ ਦਾਲ਼ ਮੀਆਂ।
ਵਾਲ਼ ਵਾਂਗਰਾਂ ਰੜਕਦਾ ਲੀਡਰਾਂ ਦੇ,
ਅੱਖਾਂ ਵਿੱਚ ਹੈ ਕੇਜਰੀਵਾਲ਼ ਮੀਆਂ।



-ਤਰਲੋਚਨ ਸਿੰਘ
'ਦੁਪਾਲ ਪੁਰ'
91-81950-305377

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਹੋਈ

ਫਿਲੌਰ (ਚੌਹਾਨ)- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪ੍ਰਕਾਸ਼ ਉਤਸਵ ਨੂੰ ਮਨਾਉਣ ਸਬੰਧੀ ਤਹਿਸੀਲ ਪੱਧਰ ਦੀਆਂ ਸਮੂਹ ਸਭਾਵਾਂ ਦੀ ਇਕ ਵਿਸ਼ੇਸ਼ ਮੀਟਿੰਗ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਫਿਲੌਰ ਦੇ ਪ੍ਰਧਾਨ ਸ੍ਰੀ ਹੰਸ ਰਾਜ ਦੀ ਪ੍ਰਧਾਨਗੀ ਹੇਠ ਸ੍ਰੀ ਗੁਰੂ ਰਵਿਦਾਸ ਭਵਨ ਫਿਲੌਰ ਵਿਖੇ ਹੋਈ।

ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ 'ਤੇ 13 ਫਰਵਰੀ ਨੂੰ ਵਿਸ਼ਾਲ ਨਗਰ ਕੀਰਤਨ ਆਯੋਜਿਤ ਕੀਤਾ ਜਾਵੇਗਾ, ਜਿਸ ਦੀ ਅਗਵਾਈ ਸੰਤ ਬਾਬਾ ਰੂੜਾ ਰਾਮ ਜੀ, ਡੇਰਾ ਬਾਬਾ ਬ੍ਰਹਮਦਾਸ ਜੀ, 108 ਸੰਤ ਭਗਵਾਨ ਦਾਸ ਜੀ ਨਗਰ, 108 ਸੰਤ ਰਾਮ ਦਾਸ ਜੀ ਹਰੀਪੁਰ ਅਤੇ ਬੀਬੀ ਨਿੰਮੋ ਸਰਕਾਰਨ ਭਗਵਾਨ ਮਈਆ ਸਰਕਾਰ) ਫਿਲੌਰ ਵਾਲੇ ਕਰਨਗੇ।

ਇਸ ਮੌਕੇ 'ਤੇ ਪੈਰਾ ਮੋਟਰ ਗਲਾਈਡਰ ਰਾਹੀਂ ਨਗਰ ਕੀਰਤਨ 'ਤੇ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। ਇਲਾਕੇ ਭਰ 'ਚੋਂ ਵੱਖ-ਵੱਖ ਤਰ੍ਹਾਂ ਦੀਆਂ ਝਾਕੀਆਂ ਇਸ ਕੀਰਤਨ ਵਿਚ ਸ਼ਾਮਲ ਹੋਣਗੀਆਂ।

ਪ੍ਰਬੰਧਕਾਂ ਨੇ ਦੱਸਿਆ ਕਿ 26 ਜਨਵਰੀ ਤੋਂ ਪ੍ਰਭਾਤ ਫੇਰੀਆਂ ਆਰੰਭੀਆਂ ਜਾਣਗੀਆਂ ਤੇ ਸੰਗਤਾਂ ਨੂੰ ਵਧਾਈਆਂ ਸਬੰਧੀ ਲੱਗੇ ਹੋਰਡਿੰਗਾਂ ਨੂੰ ਪ੍ਰਕਾਸ਼ ਉਤਸਵ ਦੇ ਇਕ ਹਫਤੇ ਬਾਅਦ ਲਾਹੁਣ ਦੇ ਲਈ ਕਿਹਾ ਜਾਵੇਗਾ। ਉਹਨਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ 13 ਤੇ 14 ਫਰਵਰੀ ਨੂੰ ਸ਼ਰਾਬ ਦੇ ਠੇਕੇ ਅਤੇ ਮੀਟ ਦੀਆਂ ਦੁਕਾਨਾਂ ਬੰਦ ਰੱਖੀਆਂ ਜਾਣ ਤਾਂ ਜੋ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਾ ਆਵੇ।

ਇਸ ਮੌਕੇ ਸਰਬ ਸ੍ਰੀ ਹੰਸ ਰਾਜ ਪ੍ਰਧਾਨ, ਤਾਰਾ ਚੰਦ ਜੱਖੂ ਜਨਰਲ ਸੈਕਟਰੀ, ਜਸਵੰਤ ਰਾਏ ਪ੍ਰਧਾਨ, ਰਾਜਾ ਸੰਧੂ ਵਾਇਸ ਪ੍ਰਧਾਨ, ਪਰਮਾਨੰਦ ਕੌਂਸਲਰ, ਸੋਹਣ ਲਾਲ ਖਜ਼ਾਨਚੀ, ਯਸ਼ਪਾਲ ਗਿੱਢਾ ਕੌਂਸਲਰ, ਸ੍ਰੀ ਬਹਾਦਰ ਚੰਦ ਹੀਰ, ਬਾਬਾ ਸਰੂਪ ਸਿੰਘ ਬੱਛੋਵਾਲ, ਸੁਰਿੰਦਰ ਪਾਲ ਜਗਤਪੁਰਾ, ਰਾਣਾ ਕਲੇਰ, ਅਸ਼ਵਨੀ ਸੰਧੂ, ਰਾਏ ਵਰਿੰਦਰ, ਸੋਨੂੰ ਬੰਗੜ, ਮਾ. ਕਰਨੈਲ, ਠੇਕੇਦਾਰ ਹੰਸ ਰਾਜ ਗੜਾ, ਹੰਸ ਰਾਜ ਔਜਲਾ ਪ੍ਰਧਾਨ, ਬਾਬਾ ਬਿੱਟਾ ਗੜਾ, ਦਲਵੀਰ ਕੁਮਾਰ, ਪ੍ਰੇਮ ਭੱਟੀ, ਦੀਪਾ ਵਾਸਲ, ਦੀਪਾ, ਮਨੋਜ ਕੁਮਾਰ, ਗਿਰਧਾਰੀ ਲਾਲ, ਜੀਤ ਰਾਮ ਅਤੇ ਹੋਰ ਸੱਜਣ ਸ਼ਾਮਲ ਸਨ।

# ਦਲਿਤ ਲੜਕੀ ਨਾਲ ਪਿਸਤੌਲ ਦੀ ਨੋਕ ਤੇ ਬਲਾਤਕਾਰ

ਮੈਨੀਪੁਰੀ- ਇੱਥੇ ਬੀਤੇ ਦਿਨੀਂ ਇਕ ਦਲਿਤ ਲੜਕੀ ਨਾਲ ਪਿੰਡ ਦੇ ਹੀ ਦੋ ਲੜਕਿਆਂ ਨੇ ਪਿਸਤੌਲ ਦੀ ਨੋਕ ਤੇ ਬਲਾਤਕਾਰ ਕੀਤਾ। ਰਿਪੋਰਟ ਦਰਜ ਕਰਵਾਉਣ ਤੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ।

ਪਰਿਵਾਰ ਵਾਲਿਆਂ ਦਾ ਦੋਸ਼ ਹੈ ਕਿ ਪੁਲਿਸ ਨੇ ਦੋਸ਼ੀਆਂ ਦੇ ਦਬਾਅ ਵਿਚ ਰਿਪੋਰਟ ਦਰਜ ਨਹੀਂ ਕੀਤੀ। ਮਾਮਲਾ ਐਸ ਪੀ ਕੋਲ ਪਹੁੰਚ ਗਿਆ ਤਾਂ ਉਹਨਾਂ ਨੇ ਓਛਾ ਥਾਣੇ ਨੂੰ ਰਿਪੋਰਟ ਦਰਜ ਕਰਨ ਦੇ ਨਿਰਦੇਸ਼ ਦਿੱਤੇ। ਦੇਰ ਸ਼ਾਮ ਤੱਕ ਲੜਕੀ ਦੇ ਪਰਿਵਾਰ ਵਾਲਿਆਂ ਦੇ ਬਿਆਨ ਨਹੀਂ ਦਿੱਤਾ ਸੀ।

ਓਛਾ ਦੇ ਨਿਵਾਸੀ ਪੀੜਤ ਦਲਿਤ ਲੜਕੀ ਮੀਨਾ ਉਮਰ 17 ਸਾਲ ਨੇ ਸ਼ੁੱਕਰਵਾਰ ਨੂੰ ਐਸ ਪੀ ਦਫਤਰ ਪਹੁੰਚ ਕੇ ਦੱਸਿਆ ਕਿ ਵੀਰਵਾਰ ਸ਼ਾਮੀ 7 ਵਜੇ ਉਹ ਖੇਤ ਗਈ ਸੀ। ਉਥੇ ਪਹਿਲਾਂ ਹੀ ਮੌਜੂਦ ਪਿੰਡ ਦੇ ਅੰਬੁਜ ਯਾਦਵ ਅਤੇ ਸਹਿਦੇਵ ਯਾਦਵ ਨੇ ਉਸਨੂੰ ਦਬੋਚ ਲਿਆ। ਪਿਸਤੌਲ ਦੀ ਨੋਕ ਤੇ ਦੋਵਾਂ ਨੇ ਉਸ ਨਾਲ ਬਲਾਤਕਾਰ ਕੀਤਾ।


ਦੋਸ਼ੀਆਂ ਨੇ ਧਮਕੀ ਦਿੱਤੀ ਕਿ ਜੇਕਰ ਰਿਪੋਰਟ ਦਰਜ ਕਰਵਾਈ ਤਾਂ ਜਾਨ ਤੋਂ ਮਾਰ ਦੇਣਗੇ। ਇਸੇ ਵਿਚਕਾਰ ਲੜਕੀ ਦੇ ਰੋਣ ਦੀ ਆਵਾਜ਼ ਸੁਣ ਕੇ ਆਸ ਪਾਸ ਦੇ ਲੋਕ ਆ ਗਏ।

ਪਿੰਡ ਵਾਲਿਆਂ ਨੂੰ ਦੇਖ ਕੇ ਦੋਸ਼ੀ ਫਾਇਰਿੰਗ ਕਰਦੇ ਹੋਏ ਭੱਜ ਗਏ। ਲੜਕੀ ਨੇ ਦੱਸਿਆ ਕਿ ਉਹ ਥਾਣੇ ਆ ਰਹੀ ਸੀ, ਪਰ ਦੋਸ਼ੀਆਂ ਨੇ ਰਸਤੇ ਵਿਚ ਘੇਰ ਲਿਆ, ਜਿਸ ਕਰਕੇ ਸ਼ਾਮ ਨੂੰ ਥਾਣੇ ਨਹੀਂ ਜਾ ਸਕੀ। ਲੜਕੀ ਨੇ ਦੱਸਿਆ ਕਿ ਰਿਪੋਰਟ ਦਰਜ ਕਰਵਾਉਣ ਉਹ ਸ਼ੁੱਕਰਵਾਰ ਸਵੇਰੇ ਪਰਿਵਾਰ ਵਾਲਿਆਂ ਦੇ ਨਾਲ ਥਾਣੇ ਪਹੁੰਚੀ, ਤਾਂ ਦੋਵੇਂ ਦੋਸ਼ੀ ਵੀ ਆਪਣੇ ਦਰਜਨਾਂ ਸਾਥੀਆਂ ਨਾਲ ਦੋ ਟਰੈਕਟਰਾਂ ਤੇ ਸਵਾਰ ਹੋ ਕੇ ਥਾਣੇ ਪਹੁੰਚ ਗਏ।

ਥਾਣੇ ਵਿਚ ਵੀ ਦੋਸ਼ੀ ਪੁਲਿਸ ਦੇ ਸਾਹਮਣੇ ਉਸਦਾ ਮਜ਼ਾਕ ਉਠਾਉਣ ਲੱਗੇ। ਇਸ ਕਰਕੇ ਦੋਸ਼ੀਆਂ ਦੇ ਦਬਾਅ ਵਿਚ ਥਾਣਾ ਪੁਲਿਸ ਨੇ ਰਿਪੋਰਟ ਦਰਜ ਨਹੀਂ ਕੀਤੀ। ਹਾਲਾਂਕਿ ਪੁਲਿਸ ਨੇ ਇਨਕਾਰ ਕੀਤਾ ਹੈ ਕਿ ਦੋਸ਼ੀ ਥਾਣੇ ਆਏ ਸਨ।

ਦੁਪਹਿਰੇ ਦੋਸ਼ੀ ਪੱਖ ਦੇ ਲੋਕ ਵੀ ਐਸ ਪੀ ਦੇ ਕੋਲ ਪਹੁੰਚ ਗਏ। ਉਹਨਾਂ ਨੇ ਲੜਕੀ ਦੁਆਰਾ ਲਗਾਏ ਜਾ ਰਹੇ ਦੋਸ਼ਾਂ ਨੂੰ ਝੂਠਾ ਦੱਸਿਆ ਅਤੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ। ਐਸ ਪੀ ਸ੍ਰੀਕਾਂਤ ਸਿੰਘ ਨੇ ਦੱਸਿਆ ਕਿ ਰਿਪੋਰਟ ਦਰਜ ਕਰਕੇ ਨਿਰਪੱਖ ਜਾਂਚ ਕਰਵਾਈ ਜਾਵੇਗੀ।

# ਸੂਰਜ ਉੱਗ ਪਿਆ- ਇਕ ਨਿਵੇਕਲੀ ਕ੍ਰਿਤ




- ਰਾਮ ਪ੍ਰਤਾਪ ਕਲੇਰ
ਵੈਨਕੂਵਰ, ਬੀ. ਸੀ. ਕੈਨੇਡਾ
(778-321- 6139)

ਸਾਬਕਾ ਪ੍ਰਿੰਸੀਪਲ ਸ੍ਰੀ ਮਲੂਕ ਚੰਦ ਕਲੇਰ ਜੀ ਦੁਆਰਾ ਲਿਖੀ ਪਹਿਲੀ ਪੁਸਤਕ ਉਹਨਾਂ ਦੀ ਸਵੈ-ਜੀਵਨੀ 'ਕੋਰੇ ਘੜੇ ਦਾ ਪਾਣੀ ਸੀ'। ਹੁਣ ਦੂਸਰੀ ਰਚਨਾ 'ਸੂਰਜ ਉੱਗ ਪਿਆ'' ਇਕ ਨਾਵਲ ਹੈ। ਇਸ ਨਾਵਲ ਦੇ 84 ਸਫੇ ਹਨ। ਇਸ ਤਰ੍ਹਾਂ ਇਸ ਰਚਨਾ ਦਾ ਆਕਾਰ ਇਕ ਆਮ ਕਹਾਣੀ ਨਾਲੋਂ ਵੱਡਾ ਅਤੇ ਇਕ ਆਮ ਨਾਵਲ ਨਾਲੋਂ ਛੋਟਾ ਹੈ। ਜੇਕਰ ਇਸ ਨੂੰ ਇਕ ਲਘੂ ਨਾਵਲ ਜਾਂ ਨਾਵਲਿਟ ਆਖ ਲਿਆ ਜਾਵੇ ਤਾਂ ਜ਼ਿਆਦਾ ਉਚਿਤ ਰਹੇਗਾ। ਇਹ ਨਾਵਲਿਟ ਦੋ-ਤਿੰਨ ਘੰਟਿਆਂ ਵਿਚ ਆਸਾਨੀ ਨਾਲ ਇਕ ਹੀ ਬੈਠਕ ਵਿਚ ਪੜ੍ਹਿਆ ਜਾ ਸਕਦਾ ਹੈ। ਬੱਚਿਆਂ ਦੇ ਪੜ੍ਹਨ ਲਈ ਇਕ ਵਿਸ਼ੇਸ਼ ਅਤੇ ਦਿਲਚਸਪ ਰਚਨਾ ਹੈ।

ਕਵਿਤਾ, ਕਹਾਣੀ, ਸਵੈ-ਜੀਵਨੀ ਤੇ ਨਾਟਕ ਆਦਿ ਵਾਂਗ ਨਾਵਲ ਵੀ ਸਾਹਿਤ ਦੀ ਇਕ ਕਿਸਮ, ਪ੍ਰਕਾਰ ਜਾਂ ਰੂਪ ਹੈ। ਸਾਹਿਤ ਦੇ ਸਾਰੇ ਰੂਪਾਂ ਵਾਂਗ ਨਾਵਲ ਲਿਖਣ ਲਈ ਵੀ ਵੱਖ ਵੱਖ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਵਾਰਤਾਲਾਪ ਦੀ ਵਿਧੀ ਚਿੱਠੀ ਪੱਤਰ ਦੀ ਵਿਧੀ, ਆਤਮ-ਕਥਾ ਵਿਧੀ ਅਤੇ ਪ੍ਰਤੀਕ ਆਤਮਕ ਅਥਵਾ ਸੰਕੇਤਕ ਵਿਧੀ ਆਦਿ।

ਪ੍ਰਤੀਕਆਤਮਕ ਲਿਖਣ ਵਿਧੀ ਬਹੁਤ ਪੁਰਾਣੀ ਲਿਖਣ-ਜੁਗਤ ਹੈ। ਇਸ ਜੁਗਤ ਅਨੁਸਾਰ ਲੇਖਕ ਜੀਵਾਂ ਜਾਂ ਚੀਜ਼ਾਂ ਦਾ ਮਾਨਵੀਕਰਨ ਕਰਕੇ ਉਹਨਾਂ ਰਾਹੀਂ ਕੋਈ ਪ੍ਰੇਰਨਾਦਾਇਕ, ਸਦਾਚਾਰੀ ਜਾਂ ਵਿਅੰਗਾਤਮਕ ਆਦਿ ਸੰਦੇਸ਼ ਦਿੰਦਾ ਹੈ। ਇਸ ਵਿਧੀ ਨਾਲ ਲਿਖਿਆ ਸਾਹਿਤ ਸੰਸਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਮਿਲਦਾ ਹੈ। ਮਿਸਾਲ ਵਜੋਂ ਪਾਲੀ ਭਾਸ਼ਾ ਵਿਚ 'ਜਾਤਕ' ਸੰਸਕ੍ਰਿਤ ਵਿਚ ਸ੍ਰੀ ਵਿਸ਼ਨੂੰ ਸ਼ਰਮਾ ਦੁਆਰਾ ਰਚਿਤ 'ਪੰਚਤੰਤਰ', ਹਿੰਦੀ ਵਿਚ ਸ੍ਰੀ ਨਾਰਾਇਣ ਪੰਡਤ ਦੁਆਰਾ 'ਹਿਤੋਪਦੇਸ਼' ਅਤੇ ਅੰਗਰੇਜ਼ੀ ਵਿਚ ਜੌਰਜ ਉਰਵੇਂਜ ਦੁਆਰਾ ਲਿਖੀ ਰਚਨਾ 'ਐਨੀਮਲ ਫਾਰਮ' ਆਦਿ ਮਿਲਦੀਆਂ ਹਨ।

ਸ੍ਰੀ ਕਲੇਰ ਜੀ ਹੁਣੀਂ ਵੀ ਆਪਣੇ ਨਾਵਲ ਲਈ ਪ੍ਰਤੀਕਆਤਮਕ ਵਿਧੀ ਦੀ ਵਰਤੋਂ ਕੀਤੀ ਹੈ। ਭਾਰਤ ਜੰਗਲ ਦਾ ਪ੍ਰਤੀਕ ਹੈ।

ਟਿੰਕੂ, ਮੋਤੀ, ਚੀਕੂ ਤੇ ਫਜ਼ਲੂ ਆਦਿ ਵਰਗੇ ਜੀਵ ਵੱਖ ਵੱਖ ਵਰਗਾਂ ਦੇ ਪ੍ਰਤੀਕ ਹਨ। ਨਾਵਲ ਵਿਚ ਲੇਖਕ ਨੇ ਭਾਰਤੀ ਸਮਾਜ ਵਿਚ ਚਾਰ ਵਰਗਾਂ ਦੀ ਨਿਸ਼ਾਨਦੇਹੀ ਕੀਤੀ ਹੈ। ਉਪਰਲੇ ਦੋ ਵਰਗ ਜੋ ਤਾਕਤਵਰ ਤੇ ਚਲਾਕ ਹਨ, ਉਹ ਪੁਰਾਣੇ ਸਮਿਆਂ ਤੋਂ ਹੀ ਹੇਠਲੇ ਦੋ ਕਮਜ਼ੋਰ ਅਤੇ 'ਵਿਚਾਰੇ' ਵਰਗਾਂ ਦੀ ਬੇਰਹਿਮੀ ਨਾਲ ਲੁੱਟਮਾਰ ਅਤੇ ਜ਼ੁਲਮ ਕਰਦੇ ਹਨ। ਭਾਵੇਂ ਲੋਕਤੰਤਰੀ ਚੋਣਾਂ ਦਾ ਤਮਾਸ਼ਾ ਤਾਂ ਹੁੰਦਾ ਹੈ, ਪਰ 'ਖੂੰਖਾਰਾਂ' ਦੁਆਰਾ 'ਵਿਚਾਰਿਆਂ' ਦੀ ਲੁੱਟ ਅਤੇ ਜ਼ੁਲਮ ਨੂੰ ਠੱਲ੍ਹ ਨਹੀਂ ਪੈਂਦੀ।

ਅੱਗੇ ਚੱਲ ਕੇ ਲੇਖਕ ਨੇ ਫਜ਼ਲੂ ਦੀ ਰਹਿਨੁਮਾਈ ਹੇਠ ਸਮਾਜ ਦੇ ਦੋ ਹੇਠਲੇ ਤਬਕਿਆਂ ਨੂੰ ਜਾਗਰਿਤ ਕਰਕੇ ਏਕੇ ਅਤੇ ਬੁੱਧੀ ਦੇ ਬਲ ਨਾਲ ਰਾਜਸੀ ਤਾਕਤ ਨੂੰ ਹਥਿਆਉਣ ਦੀ ਜੁਗਤ ਦੱਸੀ ਹੈ। ਲੇਖਕ ਤਬਦੀਲੀ ਜਾਂ ਇਨਕਲਾਬ ਲਈ ਹਿੰਸਾ ਜਾਂ ਹਥਿਆਰਬੰਦ ਘੋਲ ਵਿਚ ਯਕੀਨ ਨਹੀਂ ਰੱਖਦਾ ਸਗੋਂ ਸੰਵਿਧਾਨਕ, ਲੋਕਤੰਤਰੀ ਅਤੇ ਸ਼ਾਂਤੀਪੂਰਵਕ ਢੰਗ ਨਾਲ ਇਹ ਕਾਰਜ ਕਰਨਾ ਚਾਹੁੰਦਾ ਹੈ। ਅੰਤ ਵਿਚ ਏਕੇ ਅਤੇ ਸੱਚ ਦੀ ਤਾਕਤ ਨਾਲ ਹੀ ਬਿਨਾਂ ਚੋਣਾਂ ਕਰਵਾਉਣ ਤੋਂ ਹੀ ਸਿਰਫ ਇਕ ਮੀਟਿੰਗ ਕਰਕੇ ਹੀ 'ਟਿੰਕੂ' ਜੋ ਸ਼ਾਹੀ ਘਰਾਣੇ ਦਾ ਸਰਦਾਰ ਜਾਂ ਰਾਜੇ ਦਾ ਪ੍ਰਤੀਕ ਹੈ, ਨੂੰ 'ਜੰਗਲ ਨਿਕਾਲਾ' ਦੇ ਦਿੱਤਾ ਜਾਂਦਾ ਹੈ ਅਤੇ ਇਕ ਐਡਹਾਕ ਕਮੇਟੀ ਬਣਾ ਕੇ ਪਰਖੇ ਹੋਏ ਅਤੇ ਚੰਗੇ ਅਕਸ ਵਾਲੇ ਮੈਂਬਰ ਨਾਮਜ਼ਦ ਕਰ ਦਿੱਤੇ ਜਾਂਦੇ ਹਨ ਅਤੇ ਉਹਨਾਂ ਵਿਚ ਵੱਖ ਵੱਖ ਵਿਭਾਗ ਵੰਡ ਕੇ ਉਹਨਾਂ ਨੂੰ ਪ੍ਰਬੰਧ ਚਲਾਉਣ ਲਈ ਕਿਹਾ ਜਾਂਦਾ ਹੈ। ਅੰਤ ਵਿਚ ਫਜ਼ਲੂ ਦੀ ਦੇਖ-ਰੇਖ ਹੇਠ ਸੰਵਿਧਾਨ ਬਣਾਉਣ ਦੀ ਗੱਲ ਕਰਕੇ ਨਾਵਲ ਦਾ ਅੰਤ ਹੋ ਜਾਂਦਾ ਹੈ।

ਨਾਵਲ ਪੜ੍ਹਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਲੇਖਕ ਨੇ ਭਾਰਤੀ ਸਮਾਜ ਦੀ ਬਣਤਰ ਇਸ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਹੱਲ ਦਾ ਬਹੁਤ ਹੀ ਸਰ-ਲੀਕਰਨ ਕੀਤਾ ਹੈ। ਜਦੋਂ ਕਿ ਭਾਰਤੀ ਸਮਾਜ ਅਤੇ ਇਸ ਦੀਆਂ ਸਮੱਸਿਆਵਾਂ ਬਹੁਤ ਹੀ ਗੰਭੀਰ ਅਤੇ ਜਟਿਲ ਹਨ ਅਤੇ ਉਹਨਾਂ ਦੇ ਹੱਲ ਵੀ ਔਖੇ ਅਤੇ ਪੇਚੀਦਾ ਹਨ। ਪਰ ਫਿਰ ਵੀ ਇਹ ਰਚਨਾ ਇਕ ਅਗਾਂਹਵਧੂ ਖਿਆਲ, ਸੁਹਿਰਦ ਭਾਵਨਾ ਅਤੇ ਲੋਕ-ਹਿੱਤੂ ਦ੍ਰਿਸ਼ਟੀਕੋਣ ਤੋਂ ਲਿਖੀ ਹੋਣ ਕਰਕੇ ਪ੍ਰਸ਼ੰਸਾਯੋਗ ਹੈ ਅਤੇ ਖਾਸ ਕਰਕੇ ਪੰਜਾਬੀ ਬਾਲ-ਸਾਹਿਤਵਿਚ ਇਕ ਦਿਲਚਸਪ ਵਾਧਾ ਹੈ। ਨਾਵਲ ਦੀ ਸ਼ੈਲੀ ਮੁਹਾਵਰੇਦਾਰ ਅਤੇ ਲੋਕ ਅਖਾਣਾਂ ਨਾਲ ਭਰਪੂਰ ਹੈ ਜੋ ਪੜ੍ਹਨ ਲਈ ਬੜੀ ਰੋਚਕ ਹੈ। ਸ੍ਰੀ ਮਲੂਕ ਚੰਦ ਕਲੇਰ ਜੀ ਹੁਣਾਂ ਨੂੰ ਉਹਨਾਂ ਦੀ ਇਸ ਨਿਵੇਕਲੀ ਕ੍ਰਿਤ ਉਪਰ ਮੈਂ ਹਾਰਦਿਕ ਵਧਾਈ ਦਿੰਦਾ ਹਾਂ।

# ਡਾਕਟਰ ਅੰਬੇਦਕਰ ਦੇ ਸੰਵਿਧਾਨ ਸਭਾ ਪਹੁੰਚਣ ਵਾਲੇ ਸਾਰੇ ਰਸਤੇ, ਦਰਵਾਜ਼ੇ, ਖਿੜਕੀਆਂ ਅਸੀਂ ਬੰਦ ਕਰ ਦਿੱਤੇ ਹਨ- ਕਾਂਗਰਸ

ਅਜਿਹੀ ਪ੍ਰਸਥਿਤੀ ਵਿਚ ਬੰਗਾਲ ਸੂਬੇ ਦੇ ਬਾਰੀਸਲ ਜ਼ਿਲ੍ਹੇ ਵਿਚ ਮਾਸਟਰਕਾਂਡੀ ਨਾਂ ਦੇ ਪਿੰਡ ਵਿਚ 26 ਜਨਵਰੀ 1904 ਨੂੰ ਜਨਮੇ ਜੋਗਿੰਦਰ ਨਾਥ ਮੰਡਲ ਜੋ ਚੰਡਾਲ ਜਾਤੀ ਦੇ ਸਨ, ਜਿਸਨੂੰ ਅੱਜ ਨਾਮੋਸ਼ੂਦਰ ਕਿਹਾ ਜਾਂਦਾ ਹੈ, ਇਹਨਾਂ ਨੇ ਡਾਕਟਰ ਅੰਬੇਦਕਰ ਸਾਹਿਬ ਨੂੰ ਬੰਗਾਲ ਪ੍ਰਾਂਤ ਦੀ ਜੈਸੋਰ ਖੁਲਨਾ ਤੋਂ ਚੋਣ ਲੜਨ ਦਾ ਸੱਦਾ ਦਿੱਤਾ। ਬਾਬਾ ਸਾਹਿਬ ਉਥੋਂ ਲੜੇ ਅਤੇ ਸੰਵਿਧਾਨ ਸਭਾ ਵਿਚ ਜੋਗਿੰਦਰ ਨਾਥ ਮੰਡਲ ਅਤੇ ਉਹਨਾਂ ਦੀ ਚੰਡਾਲ ਜਾਤੀ ਨੇ ਪਹੁੰਚਾਇਆ।

ਅੱਜ ਜੋਗਿੰਦਰਨਾਥ ਮੰਡਲ ਜੀ ਦੀ ਬਰਸੀ ਦੇ ਮੌਕੇ ਤੇ ਮੂਲ ਨਿਵਾਸੀ ਬਹੁਜਨ ਸਮਾਜ ਵੱਲੋਂ ਉਹਨਾਂ ਨੂੰ ਕੋਟਿ ਕੋਟਿ ਪ੍ਰਣਾਮ। ਜੈ ਭੀਮ।



Jogendra Nath Mandal

# ਡਾ.ਮਾਰਟਿਨ ਲੂਥਰ ਕਿੰਗ ਜੂਨੀਅਰ ਦਾ ਜਨਮ ਦਿਹਾੜਾ ਮਨਾਇਆ

ਕੈਲੀਫੋਰਨੀਆ- ਬੇ-ਏਰੀਆ ਕਮਿਊਨਿਟੀ ਵੱਲੋਂ ਬੀਤੀ 20 ਜਨਵਰੀ ਨੂੰ ਮਹਾਨ ਨਾਇਕ ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਦਾ ਜਨਮ ਦਿਨ ਮਨਾਇਆ ਗਿਆ। ਇਸਸਬੰਧੀ ਵਿਸ਼ੇਸ਼ ਸਮਾਗਮ ਚਾਬੋਟ ਕਾਲਜ ਵਿਖੇ ਆਯੋਜਿਤ ਕੀਤਾ ਗਿਆ।

ਇਸ ਮੌਕੇ ਡਾ. ਮੈਲਬਾ ਬੀਲਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਵਿਚ ਹੇਵਰਡ ਯੂਨੀਫਾਈਡ ਡਿਸਟ੍ਰਿਕਟ ਦੇ ਸੁਪਰਡੈਂਟ ਸਟਾਨਲੇਅ 'ਦੱਤਾ' ਡੋਬਸ, ਬੋਰਡ ਆਫ ਐਜੂਕੇਸ਼ਨ ਦੇ ਪ੍ਰਧਾਨ ਸ੍ਰੀ ਜੌਹਨ ਟੇਲਰ, ਡਾਇਰੈਕਟਰ ਪ੍ਰਚੇਜ਼ਿੰਗ ਜਸਵਿੰਦਰ ਐਸ. ਸੋਹਲ, ਸਿਟੀ ਆਫ ਹੈਵਰਡ ਤੋਂ ਮਾਈਕਲ ਸਵੀਨੇ (ਮੇਅਰ), ਕੌਂਸਲ ਮੈਂਬਰ ਮਾਰਕ ਸਲੀਨਸ, ਸੈਨਹੋਸ ਸਿੱਖ ਟੈਂਪਲ ਕਮੇਟੀ ਤੋਂ ਭੁਪਿੰਦਰ ਐਸ. ਢਿੱਲੋਂ, ਸੁਰਜੀਤ ਸਿੰਘ ਬੈਂਸ, ਅਵਤਾਰ ਸਿੰਘ ਤਾਰੀ ਅਤੇ ਹੋਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

ਮਾਰਟਿਨ ਲੂਥਰ ਕਿੰਗ ਜੂਨੀਅਰ ਪਲੈਨਿੰਗ ਕਮੇਟੀ ਵੱਲੋਂ ਉਹਨਾਂ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ ਜਾਂਦਾ ਹੈ ਜੋ ਡਾ. ਕਿੰਗ ਦੇ ਉਦੇਸ਼ ਨੂੰ ਅੱਗੇ ਵਧਾਉਣ ਵਿਚ ਯੋਗਦਾਨ ਪਾ ਰਹੀਆਂ ਹਨ।

## ਧਰਤ ਦੁਆਬੇ ਦੀ

# ਆਲ ਇੰਡੀਆ ਪ੍ਰਿੰ. ਹਰਭਜਨ ਸਿੰਘ ਫੁਟਬਾਲ ਟੂਰਨਾਮੈਂਟ ਮਾਹਿਲਪੁਰ



ਬਲਜਿੰਦਰ ਮਾਨ
9815018947

ਮਾਹਿਲਪੁਰ ਦੀ ਧਰਤੀ ਨੂੰ ਫੁਟਬਾਲ ਅਤੇ ਸਿੱਖਿਆ ਦੇ ਕੇਂਦਰ ਬਨਾਉਣ ਵਾਲੇ ਪ੍ਰਿੰ. ਹਰਭਜਨ ਸਿੰਘ ਨੇ ਆਪਣਾ ਸਾਰਾ ਜੀਵਨ ਇਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦੇ ਨਿਰਮਾਣ ਅਤੇ ਸੰਚਾਲਨ ਦੇ ਲੇਖੇ ਲਾਇਆ।ਵਿਦਿਆ ਦੇ ਮਾਹਿਰ ਅਤੇ ਇਨਸਾਨੀਅਤ ਦੇ ਪਹਿਰੇਦਾਰ ਕਰਮਯੋਗੀ ਪ੍ਰਿੰਸੀਪਲ ਨੇ ਆਪਣੀ ਕਮਾਈ ਦੀ ਪਾਈ ਪਾਈ ਇਸ ਇਲਾਕੇ ਦੇ ਵਿਕਾਸ ਲੇਖੇ ਲਾਈ। ਇੱਥੋ ਤੱਕ ਕਿ ਸਾਰਾ ਜੀਵਨ ਬਗੈਰ ਤਨਖਾਹ ਦੇ ਸੇਵਾ ਕਰਕੇ ਇਕ ਲਾਸਾਨੀ ਮਿਸਾਲ ਕਾਇਮ ਕੀਤੀ। 1962 ਵਿਚ ਉਹਨਾਂ ਦੇ ਅਕਾਲ ਚਲਾਣੇ ਬਾਅਦ ਉਹਨਾਂ ਦੇ ਵਿਦਿਆਰਥੀਆਂ ਅਤੇ ਸੰਗੀ ਸਾਥੀਆਂ ਨੇ ਉਹਨਾਂ ਦੀ ਯਾਦ ਨੂੰ ਸਦੀਵੀ ਬਨਾਉਣ ਲਈ ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੀ ਸਥਾਪਨਾ ਕੀਤੀ। ਇਸ ਕਲੱਬ ਵਲੋਂ 1962 ਤੋਂ ਹੀ ਉਹਨਾਂ ਦੀ ਯਾਦ ਵਿਚ ਹਰ ਸਾਲ ਇਕ ਸ਼ਾਨਦਾਰ ਫੁਟਬਾਲ ਟੂਰਨਾਮੈਂਟ ਦਾ ਆਯੋਜਨ ਕੀਤਾ ਜਾਂਦਾ ਹੈ। ਅੱਧੀ ਸਦੀ ਤੋਂ ਵੱਧ ਸਮੇਂ ਤੋਂ ਆਯੋਜਿਤ ਕੀਤਾ ਜਾ ਰਿਹਾ ਇਹ ਫੁਟਬਾਲ ਟੂਰਨਾਮੈਂਟ ਫੂਟਬਾਲ ਦੀਆਂ ਸਰਗਰਮੀਆਂ ਵਿਚ ਅਹਿਮ ਸਥਾਨ ਰੱਖਦਾ ਹੈ। ਰਿਟਾਇਰਡ ਇੰਜਨੀਅਰ ਇੰਨ ਚੀਫ ਸ.ਹਰਬੰਸ ਸਿੰਘ ਬੈਂਸ ਨੇ ਆਪਣੀ ਸ਼ਾਨਦਾਰ ਅਗਵਾਈ ਨਾਲ ਇਸ ਕਲੱਬ ਨੂੰ ਫੁਟਬਾਲ ਦੀਆਂ ਕਲੱਬਾਂ ਵਿਚ ਮੁਹਰੀ ਬਣਾ ਦਿੱਤਾ ਗਿਆ ਹੈ। ਉਹਨਾਂ ਨੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਵਿਚ ਵੱਸਦੇ ਪ੍ਰਿੰਸੀਪਲ ਸਾਹਿਬ ਦੇ ਸ਼ਗਿਰਦਾਂ ਅਤੇ ਇਲਾਕਾ ਨਿਵਾਸੀਆ ਨੂੰ ਇਕੱਠੇ ਕਰਕੇ ਉਹਨਾਂ ਦੀ ਯਾਦ ਵਿਚ ਟਰੱਸਟਾਂ ਦੀ ਸਥਾਪਨਾ ਕੀਤੀ।ਇਹ ਦਾਨੀ ਸੱਜਣ ਹਰ ਸਾਲ ਟੂਰਨਾਮੈਂਟ ਦੇ ਪ੍ਰਬੰਧਾਂ ਵਾਸਤੇ ਰਾਸ਼ੀ ਤਾਂ ਭੇਜਦੇ ਹੀ ਹਨ ਨਾਲ ਖੁਦ ਵੀ ਪਹੁੰਚ ਕੇ ਪ੍ਰਬੰਧਾ ਵਿਚ ਯੋਗਦਾਨ ਪਾਉਂਦੇ ਹਨ।

ਇਲਾਕੇ ਦੇ ਉਘੇ ਫੁਟਬਾਲਰਾਂ ਦੇ ਦਰਸ਼ਨ ਇਸ ਮੇਲੇ ਵਿਚ ਅਕਸਰ ਕੀਤੇ ਜਾ ਸਕਦੇ ਹਨ। ਮਸ਼ਹੂਰ ਫੁਟਬਾਲ ਕਲੱਬਾਂ,ਕਾਲਜਾਂ,ਅਤੇ ਸਕੂਲਾਂ ਦੇ ਖਿਡਾਰੀ ਜੌਹਰ ਦਿਖਾਉਂਦੇ ਹਨ। ਪੰਜਾਬ ਦੇ ਤਿੰਨ ਅਰਜਨ ਅਵਾਰਡ ਜੇਤੂ ਫੁਟਬਾਲ ਖਿਡਾਰੀਆਂ ਵਿਚੋਂ ਸਵ.ਜਰਨੈਲ ਸਿੰਘ ਅਤੇ ਸ. ਗੁਰਦੇਵ ਸਿੰਘ ਗਿੱਲ ਮਾਹਿਲਪੁਰ ਦੀ ਪੈਦਾਇਸ਼ ਹਨ। ਇਸੇ ਤਰ੍ਹਾਂ ਜੇ ਕੌਮਾਂਤਰੀ ਅਤੇ ਕੌਮੀ ਪੱਧਰ ਦੇ ਫੁਟਬਾਲਰਾਂ ਦੀ ਸੂਚੀ ਤਿਆਰ ਕਰੀਏ ਤਾਂ ਸੈਂਕੜੇ ਖਿਡਾਰੀ ਆਪਣੀਆਂ ਸ਼ਾਂਨਦਾਰ ਪ੍ਰਾਪਤੀਆਂ ਨਾਲ ਅਹਿਮ ਅਹੁਦਿਆਂ ਤੇ ਬਿਰਾਜਮਾਨ ਹੋ ਚੁੱਕੇ ਹਨ।



ਇਲਾਕੇ ਵਿਚ ਨਵੀਂ ਪਨੀਰੀ ਨੂੰ ਫੁਟਬਾਲ ਦੀ ਖੇਡ ਨਾਲ ਜੋੜਨ ਲਈ ਕਲੱਬ ਵਲੋਂ ਹਰ ਸਾਲ ਸਕੂਲਾਂ ਦੀ ਫੁਟਬਾਲ ਲੀਗ ਜੂਨ ਮਹੀਨੇ ਕਰਵਾਈ ਜਾਂਦੀ ਹੈ। ਇਸੇ ਤਰ੍ਹਾਂ ਸਲਾਨਾ ਟੂਰਨਾਮੈਂਟ ਵਿਚ ਸਕੂਲਾਂ, ਕਾਲਜਾਂ, ਕਲੱਬਾਂ ਦੀਆਂ ਟੀਮਾਂ ਤੋਂ ਇਲਾਵਾ ਲੜਕੀਆਂ ਦੇ ਫੁਟਬਾਲ ਮੁਕਾਬਲੇ ਵੀ ਕਰਵਾਏ ਜਾਂਦੇ ਹਨ।ਚੇਅਰਮੈਨ ਸ. ਹਰਬੰਸ ਸਿੰਘ ਬੈਂਸ ਅਤੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਦੀ ਸੁਯੋਗ ਅਗਵਾਈ ਹੇਠ ਕਲੱਬ ਨੇ ਬੀਤੇ ਇਕ ਦਹਾਕੇ ਵਿਚ ਨਵੇਂ ਪੂਰਨੇ ਪਾ ਕੇ ਫੁਟਬਾਲ ਜਗਤ ਨੂੰ ਸ਼ਾਨਦਾਰ ਦੇਣ ਦਿੱਤੀ ਹੈ।

ਫੁਟਬਾਲ ਦੇ ਵਿਕਾਸ ਤੇ ਲੱਖਾਂ ਰੁਪਈਏ ਖਰਚਣ ਵਾਲੀ ਇਸ ਕਲੱਬ ਦਾ ਮੁੱਖ ਉਦੇਸ਼ ਪ੍ਰਿੰ. ਸਾਹਿਬ ਦੀ ਮਹਾਨ ਦੇਣ ਦਾ ਸਤਿਕਾਰ ਕਰਨਾ ਅਤੇ ਨਵੀਂ ਪਨੀਰੀ ਨੂੰ ਇਸ ਖੇਡ ਨਾਲ ਜੋੜੀ ਰੱਖਣਾ ਹੈ। ਭਾਵੇਂ ਮੀਡੀਏ ਦਾ ਸਾਰਾ ਜੋਰ ਕ੍ਰਿਕਟ ਤੇ ਹੀ ਲੱਗਾ ਹੋਇਆ ਹੈ। ਪਰ ਖੇਡਾਂ ਨੂੰ ਪਿਆਰਨ ਵਾਲੇ ਸੱਜਣ ਇਹ ਵੀ ਚਾਹੁੰਦੇ ਹਨ ਕਿ ਭਾਰਤ ਦੀ ਕੌਮੀ ਖੇਡ ਹਾਕੀ ਅਤੇ ਦੁਨੀਆਂ ਵਿਚ ਆਮ ਲੋਕਾਂ ਦੀ ਮੰਨੀ ਗਈ ਖੇਡ ਫੂਟਬਾਲ ਨੂੰ ਬਣਦਾ ਥਾਂ ਮਿਲਣਾ ਚਾਹੀਦਾ ਹੈ। ਅੱਜ ਦੁਨੀਆਂ ਵਿਚ 200 ਤੋਂ ਜਿਆਦਾ ਦੇਸ਼ਾਂ ਵਿਚ ਫੁਟਬਾਲ ਖੇਡਿਆ ਜਾ ਰਿਹਾ ਹੈ। ਜਦਕਿ ਕ੍ਰਿਕਟ ਖੇਡੇ ਜਾਣ ਵਾਲੇ ਦੇਸ਼ਾਂ ਦੀ ਗਿਣਤੀ ਉਂਗਲਾਂ ਤੇ ਕੀਤੀ ਜਾ ਸਕਦੀ ਹੈ।



ਪ੍ਰਿੰ. ਹਰਭਜਨ ਸਿੰਘ ਕਲੱਬ ਵਲੋਂ ਹਰ ਸਾਲ ਮਾਹਿਲਪੁਰ ਦੇ ਸਕੂਲ ਅਤੇ ਕਾਲਜ ਦੇ ਹੋਣਹਾਰ ਖਿਡਾਰੀਆਂ ਨੂੰ ਸਕਾਲਰਸ਼ਿੱਪ ਵੀ ਦਿੱਤਾ ਜਾਂਦਾ ਹੈ। ਬੈਸਟ ਖਿਡਾਰੀਆਂ ਨੂੰ ਹਜ਼ਾਰਾਂ ਰੁਪੈ ਦੇ ਪੁਰਸਕਾਰ ਦਿੱਤੇ ਜਾਂਦੇ ਹਨ। ਜੇਤੂਆਂ ਨੂੰ ਨਗਦ ਰਾਸ਼ੀ ਤੋਂ ਇਲਾਵਾ ਸ਼ਾਨਦਾਰ ਇਨਾਮ ਸਨਮਾਨ ਵੀ ਦਿੱਤੇ ਜਾਂਦੇ ਹਨ। ਉਘੇ ਅਤੇ ਪੁਰਾਣੇ ਫੁਟਬਾਲ ਖਿਡਾਰੀਆਂ ਦਾ ਸਨਮਾਨ ਕਰਕੇ ਨਵੇਂ ਖਿਡਾਰੀਆਂ ਅੰਦਰ ਨਰੋਈ ਰੂਹ ਭਰੀ ਜਾਂਦੀ ਹੈ।

ਸਾਲ 2014 ਦੇ ਪ੍ਰਿੰਸੀਪਲ ਹਰਭਜਨ ਸਿੰਘ ਫੁਟਬਾਲ ਟੂਰਨਾਮੈਂਟ ਵਿਚ ਦੇਸ਼ ਦੀਆਂ 12 ਚੋਣਵੀਆਂ ਕਲੱਬਾਂ ਜੌਹਰ ਦਿਖਾ ਰਹੀਆਂ ਹਨ। ਪੰਜਾਬ ਦੇ 10 ਮਸ਼ਹੂਰ ਕਾਲਜਾਂ, ਚੋਣਵੇਂ ਸਕੂਲਾਂ ਦੀਆਂ ਅਤੇ ਲੜਕੀਆਂ ਦੀਆਂ ਟੀਮਾ ਭਾਗ ਲੈ ਰਹੀਆਂ ਹਨ। ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਹਰਭਜਨ ਸਿੰਘ ਸਟੇਡੀਅਮ ਵਿਚ ਅਯੋਜਿਤ ਕੀਤੇ ਜਾਣ ਵਾਲੇ ਟੂਰਨਾਮੈਂਟ ਦਾ ਆਨੰਦ ਮਾਨਣ ਲਈ ਦੇਸ਼ ਵਿਦੇਸ਼ ਦੇ ਉੱਘੇ ਫੁਟਬਾਲਰ ਅਤੇ ਫੁੱਟਬਾਲ ਪ੍ਰੇਮੀ ਪਹੁੰਚ ਕੇ ਆਪਣਾ ਯੋਗਦਾਨ ਪਾਉਣਗੇ। ਕਲੱਬ ਵਲੋਂ ਆਪਣੀ ਅਮੀਰ ਖੇਡ ਵਿਰਾਸਤ ਨੂੰ ਸੰਭਾਲਣ ਲਈ 1995 ਵਿਚ 'ਫੁਟਬਾਲ ਜਗਤ ਮਾਹਿਲਪੁਰ' ਨਾਮੀ ਪੁਸਤਕ ਇਹਨਾਂ ਸਤ੍ਹਰਾਂ ਦੇ ਲੇਖਕ ਵਲੋਂ ਰਚੀ ਗਈ ਵੀ ਜਾਰੀ ਕੀਤੀ ਗਈ ਸੀ।

ਸਿਲਵਰ ਤੇ ਗੋਲਡਨ ਜੁਬਲੀ ਟੂਰਨਾਮੈਂਟ ਤੇ ਇਲਾਕੇ ਦੇ ਉਘੇ ਫੁਟਬਾਲਰਾਂ ਨੂੰ ਮਾਣ ਸਨਮਾਨ ਦੇ ਕੇ ਨਵਾਜਿਆ ਗਿਆ ਸੀ। ਇਸ ਕਲੱਬ ਦੇ ਫਾਊਂਡਰ ਪ੍ਰਧਾਨ ਡਾਕਟਰ ਨਰਿੰਦਰ ਪਾਲ ਸਿੰਘ ਸਨ। ਉਲੰਪੀਅਨ ਜਰਨੈਲ ਸਿੰਘ, ਸ.ਅਮਰ ਸਿੰਘ ਭਾਰਟਾ ਅਤੇ ਸ.ਹਰਕਿਸ਼ਨ ਦਿਆਲ ਸਿੰਘ ਨੇ ਵੀ ਕੁੱਝ ਸਮਾਂ ਅਗਵਾਈ ਕੀਤੀ।

ਅੱਜ ਕੱਲ ਇਹ ਕਲੱਬ ਸ. ਕੁਲਵੰਤ ਸਿੰਘ ਸੰਘਾ ਦੀ ਅਗਵਾਈ ਹੇਠ ਫੁਟਬਾਲ ਜਗਤ ਵਿਚ ਨਿਵੇਕਲੀ ਥਾਂ ਬਣਾ ਚੁੱਕੀ ਹੈ। ਕਲੱਬ ਵਲੋਂ ਸਤੰਬਰ 2008 ਵਿਚ ਆਲ ਇੰਡੀਆ ਸਬ ਜੂਨੀਅਰ ਫੁਟਬਾਲ ਚੈਪੀਅਨਸ਼ਿਪ ਦਾ ਆਯੋਜਨ ਵੀ ਕੀਤਾ ਜਾ ਚੁੱਕਾ ਹੈ। 52 ਵਾਂ ਪ੍ਰਿੰ .ਹਰਭਜਨ ਸਿੰਘ ਟੂਰਨਾਮੈਂਟ ਪਿਛਲੇ ਸਾਲਾ ਵਾਂਗ ਇਸ ਵਾਰ ਵੀ ਪੂਰੀ ਸ਼ਾਨੋ ਸ਼ੌਕਤ ਨਾਲ ਇਕ ਫਰਵਰੀ ਤੋਂ 7 ਫਰਵਰੀ 2014 ਤੱਕ ਆਲ ਇੰਡੀਆ ਪੱਧਰ ਤੇ ਅਯੋਜਿਤ ਕੀਤਾ ਜਾ ਰਿਹਾ ਹੈ।

# ਪੈਟਰਸਨ ਸ਼ਹਿਰ ਵਿੱਚ ਸਪ੍ਰਿਚੂਅਲ ਸੈਂਟਰ (ਗੁਰਦੁਆਰੇ) ਦਾ ਉਦਘਾਟਨ

(ਗੁਰਮੀਤ ਸਿੰਘ ਬਰਸਾਲ) ਬੇ ਏਰੀਏ ਅਤੇ ਟਰਾਈ ਵੈਲੀ (ਪੈਟਰਸਨ, ਲਿਵਰਮੋਰ, ਲੋਡਾਈ, ਟਰੇਸੀ, ਮਾਊਨ ਟਾਉਨ, ਮਨਟੀਕਾ, ਲੈਥਰਪ, ਫਰੈਂਚ ਕੈਂਪ, ਸਟਾਕਟਨ, ਮੋਡੈਸਟੋ, ਹਿਊਸਨ, ਸੀਰਸ, ਮਰਸਡ, ਲਵਿੰਸਟਨ, ਟਰਲਕ, ਡੈਲਹਾਈ, ਰਿਪਨ ਅਤੇ ਲਾਸ ਬੌਨਸ ਆਦਿਕ) ਅਤੇ ਸਮੁੱਚੀ ਕੈਲੀਫੋਰਨੀਆਂ ਦੀਆਂ ਸੰਗਤਾਂ ਨੂੰ ਸਨਿਮਰ ਸੂਚਿਤ ਕੀਤਾ ਜਾਂਦਾ ਹੈ ਕਿ ਹੈ ਗੁਰਮਤਿ ਅਨੁਸਾਰ ਗੁਰਬਾਣੀ ਸਿੱਖਣ, ਪ੍ਰਚਾਰਨ ਅਤੇ ਧਾਰਮਿਕ ਪ੍ਰੋਗ੍ਰਾਮਾਂ ਲਈ ਇਸ ਵਿਲੱਖਣ ਅਧਿਆਤਮਕ (ਸਪ੍ਰਿਚੂਆਲ) ਸੈਂਟਰ ਦਾ ਉਦਘਾਟਨ 1 ਫਰਵਰੀ 2014 ਦਿਨ ਸ਼ਨਿਚਰਵਾਰ ਨੂੰ ਸ੍ਰੀ ਅਖੰਡ ਪਾਠ ਦੀ ਸਮਾਪਤੀ ਤੋਂ ਬਾਅਦ, ਧਾਰਮਿਕ ਦੀਵਾਨ ਦੀ ਪ੍ਰਾਰੰਭਤਾ ਨਾਲ, "ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ" ਦੀ ਛਤਰ ਛਾਇਆ ਹੇਠ ਸਵੇਰੇ 10 ਤੋਂ 2 ਵਜੇ ਤੱਕ ਹੋਵੇਗਾ। ਪੰਥ ਦਰਦੀ ਪ੍ਰਬੰਧਕਾਂ ਵੱਲੋਂ ਵਿਦ-ਵਾਨਾਂ, ਪੱਤਰਕਾਰਾਂ, ਪ੍ਰਬੰਧਕਾਂ ਅਤੇ ਸਮੂੰਹ ਸੰਗਤਾਂ ਨੂੰ ਪ੍ਰਵਾਰਾਂ ਸਮੇਤ ਪਾਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਰਾਗੀਆਂ, ਕਥਾਵਾਚਕਾਂ ਅਤੇ ਬੁਲਾਰਿਆਂ ਨੂੰ ਸਖਤ ਹਦਾਇਤ ਹੈ ਕਿ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਗੁਰਮਤਿ ਉਸਾਰੂ ਵਿਚਾਰ ਪੇਸ਼ ਕਰਨ।

ਪ੍ਰੋਗਰਾਂਮ ਸਮਾਪਤੀ ਦੀ ਅਰਦਾਸਿ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਨਜ਼ਦੀਕ ਸਹੂਲਤ ਲਈ ਇਲਾਕੇ ਦੀਆਂ ਸੰਗਤਾਂ ਪਾਠ, ਕਥਾ, ਕੀਰਤਨ ਪ੍ਰਚਾਰ ਕਰਾਉਣ ਜਾਂ ਸੇਵਾ ਲੈਣ ਲਈ ਇਸ ਸਥਾਂਨ ਦੇ ਮੁੱਖ ਸੇਵਾਦਾਰ ਭਾਈ ਸੇਵਾ ਸਿੰਘ ਨਾਲ (209-585-9724) ਸ੍ਰ. ਚਮਕੌਰ ਸਿੰਘ (559-994-1153) ਅਤੇ ਅਵਤਾਰ ਸਿੰਘ ਮਿਸ਼ਨਰੀ ਦੇ ਫੋਨ ਨੰਬਰ (510-432-5827) ਤੇ ਸੰਪਰਕ ਕਰ ਸਕਦੀਆਂ ਹਨ। ਗੁਰਦੁਆਰਾ ਸਾਹਿਬ ਦਾ ਪਤਾ(ਐਡਰੈਸ) ਹੇਠ ਲਿਖਿਆ ਹੈ- 242 Poppy Ave, Patterson CA 95363 (209-585-9724) । ਡਾਇਰੈਸ਼ਨ ਲਈ ਲਈ 5 Free way ਤੋਂ ਸੁਪੈਰੀ ਰੋਡ ਦਾ ਇਗਜ਼ਿਟ ਹੈ। ਜੇ ਫਰਿਜਨੋ ਵੱਲੋਂ ਆਓ ਤਾਂ ਸੁਪੈਰੀ ਤੋਂ ਰਾਈਟ ਤੇ ਜੇ ਬੇਏਰੀਏ ਵੱਲੋਂ ਆਓ ਤਾਂ ਸੁਪੈਰੀ ਲੈਫਟ ਕਰਨਾ ਹੈ ਜੋ ਸਿੱਧਾ 33 Hyw ਤੇ ਚੜ੍ਹਦਾ ਹੈ ਅਤੇ ਫਿਰ ਪਹਿਲੀ ਰੋਡ Poppy Ave ਤੋਂ ਰਾਈਟ ਕਰਕੇ ਵੰਨ ਬਲੌਕ ਅੱਗੇ ਜਾ ਕੇ ਖੱਬੇ (ਲੈਫਟ) ਸਾਈਡ ਹੈ। ਪਾਰਕਿੰਗ ਖੁੱਲ੍ਹੀ ਹੈ।




ਪੰਜਾਬ ਸਰਕਾਰ ਵਲੋਂ ਅਨੰਦਪੁਰ ਸਾਹਿਬ ਤੇ ਜਲੰਧਰ ਵਿਚ ਕਰਵਾਏ ਗਏ ਪਰਵਾਸੀ ਸੰਮੇਲਨ ਦੌਰਾਨ ਪੰਜਾਬ ਦੇ ਡਿਪਟੀ ਮੁਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਤੇ ਐਨ. ਆਰ .ਆਈ ਮਾਮਲਿਆਂ ਬਾਰੇ ਮੰਤਰੀ ਸ: ਬਿਕਰਮ ਸਿੰਘ ਮਜੀਠੀਆ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੂੰ ਸਨਮਾਨਤ ਕਰਦੇ ਹੋਏ।

## ਪੰਜਾਬ ਵਿਚ ਲਾਇਬ੍ਰੇਰੀ ਐਕਟ ਤੁਰੰਤ ਲਾਗੂ ਕੀਤਾ ਜਾਵੇ

ਲੰਡਨ- ਬੀਤੇ ਦਿਨੀਂ ਪੰਜਾਬੀ ਆਰਟ, ਕਲਚਰ ਅਤੇ ਲਿਟਰੇਰੀ ਕੌਂਸਲ ਯੂ. ਕੇ. ਦੀ ਇਕ ਅਹਿਮ ਇਕੱਤਰਤਾ ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਕੌਂਸਲ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਭਾਰੀ ਗਿਣਤੀ ਵਿਚ ਸ਼ਿਰਕਤ ਕੀਤੀ।

ਇਸ ਇਕੱਤਰਤਾ ਵਿਚ ਭਰਪੂਰ ਵਿਚਾਰ ਵਟਾਂਦਰੇ ਤੋਂ ਬਾਅਦ ਦੋ ਬਹੁਤ ਹੀ ਅਹਿਮ ਮਤੇ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਵਿਚ ਲਾਇਬ੍ਰੇਰੀ ਐਕਟ ਪਾਸ ਕਰਕੇ ਤੁਰੰਤ ਲਾਗੂ ਕੀਤਾ ਜਾਵੇ ਤਾਂ ਕਿ ਸਾਹਿਤ ਅਤੇ ਕਲਾ ਨਾਲੋਂ ਟੁੱਟਦੇ ਜਾ ਰਹੇ ਪੰਜਾਬੀਆਂ ਨੂੰ ਮੁੜ ਇਹਨਾਂ ਨਾਲ ਜੋੜਿਆ ਜਾਵੇ ਤੇ ਇਸ ਦੇ ਨਾਲ ਹੀ ਦੂਜੇ ਮਤੇ ਰਾਹੀਂ ਇਹ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਹਰ ਸਾਲ ਜੋ ਰਾਜਕੀ ਪੱਧਰ ਦੇ ਇਨਾਮ ਸਨਮਾਨ ਦਿੰਦੀ ਹੈ, ਉਸ ਸਮੇਂ ਪ੍ਰਵਾਸੀ ਪੰਜਾਬੀਆਂ ਨੂੰ ਹਮੇਸ਼ਾ ਹੀ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਜਦਕਿ ਪੰਜਾਬ ਦੇ ਬਹੁਪੱਖੀ ਵਿਕਾਸ ਵਿਚ ਪ੍ਰਵਾਸੀ ਪੰਜਾਬੀਆਂ ਦਾ ਹਮੇਸ਼ਾ ਹੀ ਅਹਿਮ ਯੋਗਦਾਨ ਰਿਹਾ ਹੈ।

ਇਸ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਰਾਜ ਸਰਕਾਰ ਵੱਲੋਂ ਕੀਤੇ ਜਾਂਦੇ ਸਨਮਾਨਾਂ ਸਮੇਂ ਪ੍ਰਵਾਸੀ ਪੱਤਰਕਾਰਾਂ, ਸਮਾਜ ਸੇਵੀਆਂ, ਲੇਖਕਾਂ, ਬੁੱਧੀਜੀਵੀਆਂ ਅਤੇ ਹੋਰਨਾਂ ਖੇਤਰਾਂ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਤਾਂ ਜੋ ਉਹਨਾਂ ਨੂੰ ਵੀ ਬਣਦਾ ਮਾਣ ਸਨਮਾਨ ਦਿੱਤਾ ਜਾ ਸਕੇ। ਇਸ ਇਕੱਤਰਤਾ ਵਿਚ ਸਰਵ ਸ੍ਰੀ ਸਰੂਪ ਸਿੰਘ ਚਿੱਤਰਕਾਰ, ਦਲਜੀਤ ਨੀਰ, ਹਿੰਦਪਾਲ ਸਿੰਘ ਕੁੰਦਰਾ, ਗੁਰਮੀਤ ਸਿੰਘ ਸੰਧੂ, ਸੁਖਦੇਵ ਸਿੰਘ, ਉਂਕਾਰ ਸਿੰਘ ਥਿਆਰੇ, ਬੌਬੀ ਸਿੰਘ ਬਾਂਸਲ ਅਤੇ ਸ. ਸੁਖਦੇਵ ਸਿੰਘ ਬਾਂਸਲ ਆਦਿ ਸ਼ਾਮਲ ਹੋਏ। ਇਕੱਤਰਤਾ ਬਾਰੇ ਜਾਣਕਾਰੀ ਦਿੰਦਿਆਂ ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ ਨੇ ਦੱਸਿਆ ਕਿ ਜਲਦੀ ਹੀ ਇਸ ਸਬੰਧ ਵਿਚ ਪੰਜਾਬੀ ਆਰਟ, ਕਲਚਰ ਅਤੇ ਲਿਟਰੇਰੀ ਕੌਂਸਲ ਪੰਜਾਬ ਸਰਕਾਰ ਅਤੇ ਸਬੰਧਤ ਵਿਭਾਗਾਂ ਨਾਲ ਰਾਬਤਾ ਕਰੇਗੀ ਅਤੇ ਇਸ ਦੇ ਨਾਲ ਹੀ ਪੰਜਾਬ ਵਿਚਲੀਆਂ ਸਾਹਿਤਕ ਜਥੇਬੰਦੀਆਂ ਨੂੰ ਵੀ ਲਿਖਤੀ ਪੱਤਰ ਭੇਜੇਗੀ ਤਾਂ ਕਿ ਇਹਨਾਂ ਦੋਹਾਂ ਮੁੱਦਿਆਂ ਨੂੰ ਸਰਕਾਰ ਦੇ ਧਿਆਨ ਵਿਚ ਅਸਰਦਾਰ ਤਰੀਕੇ ਨਾਲ ਲਿਅ ਕੇ ਹੱਲ ਕਰਵਾਇਆ ਜਾ ਸਕੇ।

# 'ਰੱਬੀ ਨੂਰ ਗੁਰੂ ਰਵਿਦਾਸ ਜੀ' ਦਾ ਮਿਊਜ਼ਿਕ ਰਿਲੀਜ਼ ਕੀਤਾ

ਜਲੰਧਰ (ਜਨਸੰਗਰਾਮ ਚੁੰਬਰ) ਧਾਰਮਿਕ ਪੰਜਾਬੀ ਫੀਚਰ ਫਿਲਮ 'ਰੱਬੀ ਨੂਰ ਗੁਰੂ ਰਵਿਦਾਸ ਦਾ' ਮਿਊਜ਼ਿਕ ਬੀਤੀ 29 ਜਨਵਰੀ ਦਿਨ ਬੁੱਧਵਾਰ ਨੂੰ ਪ੍ਰੈਸ ਕਲੱਬ ਜਲੰਧਰ ਵਿਖੇ ਰਿਲੀਜ਼ ਕੀਤਾ ਗਿਆ। ਇਸ ਫਿਲਮ ਦੇ ਪ੍ਰੋਡਿਊਸਰ ਕਰਨ ਬੋਪਾਰਾਏ, ਡਾਇਰੈਕਟਰ ਤੇ ਕਹਾਣੀਕਾਰ ਬਲਵੀਰ ਚੰਦ ਬੋਪਾਰਾਏ ਹਨ। ਇਹ ਫਿਲਮ 'ਬੋਪਾਰਾਏ ਪ੍ਰੋਡਕਸ਼ਨ' ਵੱਲੋਂ ਪੇਸ਼ ਕੀਤੀ ਜਾ ਰਹੀ ਹੈ। ਇਸ ਫਿਲਮ ਦਾ ਮਿਊਜ਼ਿਕ ਕੁਲਜੀਤ ਸਿੰਘ ਨੇ ਦਿੱਤਾ ਹੈ। ਬੈਕਰਾਊਂਡ ਮਿਊਜ਼ਕ ਅਮਦਾਦ ਅਲੀ ਦਾ ਹੈ। ਇਸ ਫਿਲਮ ਦੇ ਗੀਤਾਂ ਨੂੰ ਹੰਸ ਰਾਜ ਹੰਸ, ਸਾਬਰ ਕੋਟੀ, ਕਲੇਰ ਕੰਠ, ਸੁਦੇਸ਼ ਕੁਮਾਰੀ, ਰਣਜੀਤ ਰਾਣਾ, ਨਿਮਰਤ ਪਾਲ ਕੌਰ ਖਹਿਰਾ ਤੇ ਪ੍ਰਿੰਸ ਸੁਖਦੇਵ ਨੇ ਆਪਣੀਆਂ ਮਧੁਰ ਤੇ ਸੁਰੀਲੀਆਂ ਆਵਾਜ਼ਾਂ ਨਾਲ ਗਾਇਆ ਹੈ।




ਇਹ ਧਾਰਮਿਕ ਗੀਤ ਚੰਨ ਗੁਰਾਇਆਂ ਵਾਲਾ, ਚਰਨ ਬੋਪਾਰਾਏ, ਰੱਤੂ ਰੰਧਾਵਾ, ਗੁਰਸ਼ਰਨ ਜੋਸ਼ੀਲਾ, ਰਣਜੀਤ ਸਿੰਘ ਰਾਣਾ ਯੂ. ਕੇ. ਆਦਿ ਬਹੁਤ ਹੀ ਸੁਲਝੇ ਹੋਏ ਗੀਤਕਾਰਾਂ ਦੀਆਂ ਕਲਮਾਂ ਤੋਂ ਲਿਖੇ ਗਏ ਹਨ। ਇਹਨਾਂ ਧਾਰਮਿਕ ਗੀਤਾਂ ਦੀ ਸੀ. ਡੀ. ਮਹਾਂਪੁਰਸ਼ਾਂ, ਸਮਾਜ ਸੇਵਕਾਂ, ਕਲਾਕਾਰਾਂ ਦੇ ਕਰ ਕਮਲਾਂ ਨਾਲ ਰਿਲੀਜ਼ ਕੀਤੀ ਜਾ ਰਹੀ ਹੈ।

ਸਤਿਗੁਰੂ ਰਵਿਦਾਸ ਜੀ ਦੇਇਤਿਹਾਸਕ ਜੀਵਨ ਸਬੰਧੀ ਰੱਬੀ ਨੂਰ ਗੁਰੂ ਰਵਿਦਾਸ ਧਾਰਮਿਕ ਪੰਜਾਬੀ ਫੀਚਰ ਫਿਲਮ ਜਲਦੀ ਸਿਨੇਮਾ ਘਰਾਂ ਵਿਚ ਪ੍ਰਦਰਸ਼ਿਤ ਹੋ ਜਾਵੇਗੀ।

# ਪੰਜਾਬ 'ਚ ਗਰੀਬ ਨੂੰ ਆਪਣੇ ਹੀ ਘਰ 'ਚ ਰਹਿਣ ਲਈ ਦੇਣਾ ਪਵੇਗਾ ਟੈਕਸ

(ਜੌਰਜ ਮਸੀਹ)

ਸ. ਪ੍ਰਕਾਸ਼ ਸਿੰਘ ਦੀ ਅਗਵਾਈ ਵਾਲੀ ਅਕਾਲੀ ਭਾਜਪਾ ਸਰਕਾਰ ਨੇ ਜਿਸ ਢੰਗ ਨਾਲ ਲੋਕਾਂ ਉਤੇ ਟੈਕਸ ਲਾਏ ਹਨ ਉਹ ਸਚਮੁੱਚ ਹੈਰਤ ਅੰਗੇਜ਼ ਹੈ। ਪ੍ਰਾਰਟੀ ਟੈਕਸ ਦਾ ਅਰਥ ਹੈ ਕਿ ਗਰੀਬ ਤੋਂ ਗਰੀਬ ਨੂੰ ਆਪਣੇ ਘਰ ਵਿੱਚ ਹੀ ਰਹਿਣ ਲਈ ਟੈਕਸ ਦੇਣਾ ਪਵੇਗਾ। ਨਸ਼ਾਖੋਰੀ ਨੂੰ ਖਤਮ ਕਰਨ ਲਈ ਚਾਹੀਦਾ ਤਾਂ ਇਹ ਸੀ ਕਿ ਨਸ਼ੇ ਵਾਲੀ ਹਰ ਚੀਜ਼ ਤੇ ਭਾਰੀ ਟੈਕਸ ਲਾਇਆ ਜਾਵੇ ਪਰ ਬਾਦਲ ਸਰਕਾਰ ਨੇ ਸਿਗਰਟ ਉਤੇ ਟੈਕਸ ਘਟਾ ਦਿਤਾ ਹੈ ਜਦ ਕਿ ਪਟਰੋਲ ਉਤੇ ਵੈਟ ਆਲੇ ਦੁਆਲੇ ਦੇ ਸਾਰੇ ਰਾਜਾਂ ਅਤੇ ਕੇਂਦਰੀ ਸ਼ਾਸ਼ਿਤ ਇਲਾਕੇ ਚੰਡੀਗੜ੍ਹ ਤੋਂ ਵੀ ਜ਼ਿਆਦਾ ਹੈ। ਪਿਛੇ ਜਹੇ ਪੰਜਾਬ ਦੀ ਸਾਬਕਾ ਮੁਖ ਮੰਤਰੀ ਸ਼੍ਰੀਮਤੀ ਰਜਿੰਦਰ ਕੌਰ ਭੱਠਲ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਚਾਹੇ ਤਾਂ 10 ਰੁਪਏ ਪ੍ਰਤੀ ਲੀਟਰ ਪੈਟਰੌਲ ਦੀ ਕੀਮਤ ਘਟਾ ਸਕਦੀ ਹੈ। ਪੈਟਰੌਲ ਇਕ ਅਜੇਹੀ ਵਸਤੂ ਹੈ ਜਿਸਦੇ ਭਾਅ ਵਧਣ ਨਾਲ ਹਰ ਚੀਜ਼ ਦੇ ਭਾਅ ਵਧਦੇ ਹਨ ਕਿਉਕਿ ਮਾਲ ਦੀ ਢੋਆ ਢੁਆਈ ਦੇ ਰੇਟ ਵਧ ਜਾਂਦੇ ਹਨ। ਇਸ ਸਮੇਂ ਚੰਡੀਗੜ ਜਾਣ ਵਾਲੀਆਂ ਸਾਰੀਆਂ ਗੱਡੀਆਂ ਗੁਜ਼ਾਰੇ ਲਾਇਕ ਹੀ ਪਟਰੋਲ ਪੰਜਾਬ ਦੇ ਇਲਾਕੇ ਵਿੱਚੋਂ ਪੁਆਉਂਦੀਆਂ ਹਨ, ਚੰਡੀਗੜ੍ਹ ਤੋਂ ਉਹ ਟੈਂਕੀਆਂ ਫੁਲ ਕਰਵਾ ਲੈਂਦੀਆਂ ਹਨ। ਹਰਿਆਣੇ ਦੇ ਇਲਾਕੇ ਵਿਚੋ ਲੰਘਣ ਵਾਲੀਆਂ ਗੱਡੀਆਂ ਵੀ ਇਸੇ ਤਰ੍ਹਾਂ ਹੀ ਕਰਦੀਆਂ ਹਨ। ਪੰਜਾਬ ਤੋਂ ਚੰਡੀਗੜ੍ਹ ਲਗਪਗ 10,000 ਗੱਡੀ ਰੋਜ਼ਾਨਾ ਜਾਂਦੀ ਹੈ ਜਿਸਦਾ ਨਤੀਜਾ ਇਹ ਨਿਕਲਿਆ ਹੈ ਕਿ ਚੰਡੀਗੜ੍ਹ ਤੇ ਹਰਿਆਣਾ ਦੇ ਇਲਾਕੇ ਵਿਚੋਂ ਦੀ ਲੰਘਣ ਵਾਲੀਆਂ ਗੱਡੀਆਂ ਕਾਰਣ ਪੰਜਾਬ ਦੀ ਸਰਹੱਦ ਤੇ ਪੈਣ ਵਾਲੇ ਪਟਰੋਲ ਪੰਪਾਂ ਦੀ ਸੇਲ ਬੁਰੀ ਤਰ੍ਹਾਂ ਘਟ ਗਈ ਹੈ। ਪ੍ਰਾਪਰਟੀ ਟੈਕਸ ਹੋਵੇ ਜਾਂ ਪਟਰੋਲ ਉਤੇ ਵੈਟ ਦਰ ਦਾ ਮਾਮਲਾ ਹੋਵੇ, ਭਾਰ ਤਾਂ ਆਖੀਰ ਉਤੇ ਗਰੀਬ ਤੇ ਹੀ ਪੈਣਾ ਹੈ।

# ਕਿਰਾਏ ਦੀ ਕੁੱਖ ਦਾ ਗੋਰਖਧੰਦਾ



- ਨਿਰਮਲ ਚੌਹਾਨ
91-94631- 61691

ਤਕਨੀਕ ਦੇ ਵਿਕਾਸ ਦੇ ਨਾਲ ਹੀ ਭਾਰਤ ਵਿਚ ਕਿਰਾਏ ਦੀ ਕੁੱਖ ਰਾਹੀਂ ਬੱਚਾ ਪੈਦਾ ਕਰਨ ਦਾ ਕਾਰੋਬਾਰ ਬੜੀ ਤੇਜ਼ੀ ਨਾਲ ਵੱਧ ਰਿਹਾ ਹੈ। ਸੈਰ-ਸਪਾਟੇ ਦੇ ਨਾਲ-ਨਾਲ ਵਿਦੇਸ਼ੀ ਯਾਤਰੀ ਹੁਣ ਇਸ ਗੋਰਖ ਧੰਦੇ ਦੇ ਲਈ ਭਾਰਤ ਆਉਣ ਲੱਗੇ ਹਨ। ਭਾਰਤੀ ਉਦਯੋਗ ਮਹਾਂਸੰਘ ਦੇ ਇਕ ਅਧਿਐਨ ਦੇ ਅਨੁਸਾਰ ਭਾਰਤ ਵਿਚ ਕਿਰਾਏ ਦੀ ਕੁੱਖ ਦਾ ਕਾਰੋਬਾਰ 2.3 ਅਰਬ ਡਾਲਰ ਹੋ ਗਿਆ ਹੈ। ਪਰ ਇਹ ਧੰਦਾ ਆਖਿਰਕਾਰ ਕੁਦਰਤ ਦੀ ਪ੍ਰਤੀਰੂਪ ਔਰਤ ਦੀ ਕੁੱਖ 'ਤੇ ਟਿਕਿਆ ਹੈ, ਠੀਕ ਇਸੇ ਤਰ੍ਹਾਂ ਜਿਸ ਤਰ੍ਹਾਂ ਉਦਾਰਵਾਦੀ ਅਰਥ ਵਿਵਸਥਾ ਕੁਦਰਤੀ ਖਣਿਜ ਪਦਾਰਥਾਂ ਦੇ ਸਿਰ 'ਤੇ ਟਿਕੀ ਹੈ।

ਇਸ ਧੰਦੇ ਦੀ ਭਾਰੀ ਕੀਮਤ ਉਹਨਾਂ ਔਰਤਾਂ ਨੂੰ ਚੁਕਾਉਣੀ ਪੈ ਰਹੀ ਹੈ, ਜਿਹਨਾਂ ਨੂੰ ਆਪਣੇ ਪਰਿਵਾਰ ਦੇ ਪਾਲਣ-ਪੋਸ਼ਣ ਦੇ ਲਈ ਹਰ ਹਾਲ ਵਿਚ ਧਨ ਦੀ ਲੋੜ ਹੈ। ਹੁਣ ਕੇਂਦਰ ਸਰਕਾਰ ਕਿਰਾਏ ਦੀ ਕੁੱਖ ਤੇ ਰੋਕ ਲਾਉਣ ਦੇ ਲਈ ਜਣੇਪਾ ਸਹਾਇਕ ਤਕਨੀਕ ਬਿੱਲ ਲਿਆ ਰਹੀ ਹੈ, ਜੋ ਇਕ ਸਹੀ ਕਦਮ ਹੈ। ਪਰ ਇਸ ਕਾਨੂੰਨ ਨਾਲ ਉਹਨਾਂ ਨੂੰ ਪ੍ਰੇਸ਼ਾਨੀ ਹੈ ਜਿਹਨਾਂ ਨੇ ਔਰਤ ਦੀ ਆਰਥਿਕ ਕਮਜ਼ੋਰੀ ਨੂੰ ਵਸਤੂ ਵਿਚ ਢਾਲ ਕੇ ਉਸ ਦੀ ਕੁੱਖ ਨੂੰ ਬਾਜ਼ਾਰ ਦੇ ਹਵਾਲੇ ਕਰ ਦਿੱਤਾ ਹੈ। ਉਹ ਇਹ ਵੀ ਦਲੀਲ ਦੇ ਰਹੇ ਹਨ ਕਿ ਸਖ਼ਤ ਕਾਨੂੰਨ ਨਾਲ ਵਿਦੇਸ਼ੀ ਕਰੰਸੀ ਦਾ ਆਉਣਾ ਰੋਕ ਜਾਵੇਗਾ।

ਨਵੇਂ ਬਿਲ ਵਿਚ ਇਹ ਗੱਲ ਸਾਫ ਤੌਰ ਤੇ ਲਿਖੀ ਗਈ ਹੈ ਕਿ ਇਹ ਤਕਨੀਕ ਸਿਰਫ ਬੇਔਲਾਦ ਵਿਆਹੇ ਜੋੜਿਆਂ ਜਾਂ ਇਹੋ ਜਿਹੀਆਂ ਜੋੜੀਆਂ ਦੇ ਲਈ ਰਾਖਵੀਂ ਰਹੇਗੀ, ਜਿਹਨਾਂ ਵਿਚੋਂ ਜਾਂ ਤਾਂ ਦੋਵੇਂ ਭਾਰਤੀ ਹੋਣ ਜਾਂ ਦੋਹਾਂ ਵਿਚੋਂ ਇਕ। 21 ਤੋਂ 35 ਸਾਲ ਦੀ ਔਰਤ ਦੀ ਹੀ ਕੁੱਖ ਕਿਰਾਏ ਤੇ ਲਈ ਜਾ ਸਕੇਗੀ।

ਕਿਸੇ ਵੀ ਔਰਤ ਨੂੰ ਸਿਰਫ ਇਕ ਵਾਰੀ ਸਰੋਗੇਟ ਮਾਂ ਬਣਨ ਦਾ ਅਧਿਕਾਰ ਪ੍ਰਾਪਤ ਹੋਵੇਗਾ। ਸਮਲਿੰਗੀ ਜਾਂ ਅਣਵਿਆਹੇ ਰਹਿੰਦੇ ਹੋਏ ਜਾਂ ਜੀਵਨ ਸਾਥੀ ਦੇ ਰੂਪ ਵਿਚ ਰਹਿ ਰਹੇ ਜੋੜਿਆਂ ਨੂੰ ਇਸ ਸਹੂਲਤ ਦਾ ਲਾਭ ਨਹੀਂ ਮਿਲੇਗਾ। ਨਾਲ ਹੀ ਕਿਰਾਏ ਦੀ ਕੁੱਖ ਦੇਣ ਵਾਲੀ ਔਰਤ 'ਤੇ ਨਿਗਰਾਨੀ ਰੱਖੀ ਜਾਵੇਗੀ।

ਇਸ ਕਾਨੂੰਨ ਵਿਚ ਕਈ ਖਾਮੀਆਂ ਹੋਣ ਦੇ ਨਾਲ ਇਹ ਗੈਰ ਕੁਦਰਤੀ ਹੈ। ਸਰੋਗੇਸੀ ਮਾਂ ਬਣਨ ਦੇ ਲਈ ਔਰਤ ਨੂੰ ਇਕ ਖਾਸ ਜੱਦੋ ਜਹਿਦ ਵਿਚੋਂ ਲੰਘਣਾ ਹੁੰਦਾ ਹੈ। ਇਸ ਦੇ ਲਈ ਜੈਵਿਕ ਮਾਤਾ-ਪਿਤਾ ਸ਼ੁਕਰਾਣੂ ਅਤੇ ਅੰਡਾਣੂ ਨੂੰ ਪਰਖ ਨਲੀ ਵਿਚ ਪਾਉਣ ਤੋਂ ਬਾਅਦ ਜਦ ਭਰੂਣ ਬਣ ਜਾਂਦਾ ਹੈ; ਤਦ ਉਸ ਨੂੰ ਕਿਰਾਏ ਦੀ ਕੁੱਖ ਵਿਚ ਰੱਖਿਆ ਜਾਂਦਾ ਹੈ। ਗਰਭਪਾਤ ਦਾ ਇਹੀ ਇਕੋ ਇਕ ਉਪਾਅ ਹੈ।

ਇਸ ਦਾ ਸਰੀਰ 'ਤੇ ਉਲਟਾ ਅਸਰ ਪੈਂਦਾ ਹੈ, ਇਸ ਦੇ ਗਰਭਪਾਤ ਦੀ 80 ਫੀਸਦੀ ਸ਼ੰਕਾ ਬਣੀ ਰਹਿੰਦੀ ਹੈ। ਔਰਤ ਦੀ ਜਾਨ ਦਾ ਸੰਕਟ ਵੀ ਬਣਿਆ ਰਹਿੰਦਾ ਹੈ। ਇਸ ਸਥਿਤੀ ਵਿਚ ਕਿਰਾਏ 'ਤੇ ਕੁੱਖ ਦੇਣ ਵਾਲੀ ਔਰਤ ਦਾ ਨਾ ਬੀਮਾ ਹੁੰਦਾ ਹੈ ਅਤੇ ਨਾ ਹੀ ਉਸ ਦੇ ਪਤੀ ਅਤੇ ਬੱਚਿਆਂ ਦੀ ਕੋਈ ਗਰੰਟੀ ਲੈਂਦਾ ਹੈ।

ਇੱਥੇ ਸਵਾਲ ਹੈ ਕਿ ਜੈਵਿਕ ਮਾਪੇ ਜੇਕਰ ਜਨਮੇ ਬੱਚੇ ਨੂੰ ਛੱਡ ਕੇ ਨੌ-ਦੋ ਗਿਆਰਾਂ ਹੋ ਜਾਂਦੇ ਹਨ ਤਾਂ ਉਸ ਦੇ ਪਾਲਣ-ਪੋਸ਼ਣ ਦੀ ਜਵਾਬਦੇਹੀ ਕਿਸਦੀ ਹੋਵੇਗੀ? ਜੇਕਰ ਨਵਾਂ ਬੱਚਾ ਅੰਗਹੀਣ ਜਾਂ ਇਹੋ ਜਿਹੀ ਲਾਇਲਾਜ ਬਿਮਾਰੀ ਦੇ ਨਾਲ ਪੈਦਾ ਹੁੰਦਾ ਹੈ ਅਤੇ ਜੈਵਿਕ ਮਾਤਾ-ਪਿਤਾ ਉਸ ਨੂੰ ਲੈਣ ਤੋਂ ਨਾਂਹ ਕਰ ਦਿੰਦੇ ਹਨ ਤਾਂ ਉਸ ਬੱਚੇ ਦੀ ਜ਼ਿੰਮੇਵਾਰੀ ਕੌਣ ਲਵੇਗਾ?

ਇਹੋ ਜਿਹੀ ਸਥਿਤੀ ਵਿਚ ਉਹਨਾਂ ਔਰਤਾਂ ਨੂੰ ਹੋਰ ਜ਼ਿਆਦਾ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਕਿਸ਼ਤਾਂ 'ਤੇ ਕੁੱਖ ਕਿਰਾਏ 'ਤੇ ਦਿੰਦੀਆਂ ਹਨ। ਇਹੋ ਜਿਹੀਆਂ ਹੀ ਸਹੂਲਤਾਂ ਵੀ ਵਜ੍ਹਾ ਨਾਲ ਭਾਰਤ ਕਿਰਾਏ ਦੀ ਕੁੱਖ ਦੀ ਰਾਜਧਾਨੀ ਬਣ ਗਿਆ ਹੈ।

ਇਕ ਸਮਾਜ ਸੇਵੀ ਸੰਗਠਨ ਦੇ ਅਧਿਐਨ ਕੁਝ ਹੈਰਾਨ ਕਰਨ ਵਾਲੇ ਹਨ। ਖਾਸ ਤੌਰ ਤੇ ਵਿਦੇਸ਼ੀ ਅਮੀਰ ਜਦ ਕਿਰਾਏ ਦੀ ਕੁੱਖ ਲੈ ਕੇ ਔਲਾਦ ਪ੍ਰਾਪਤੀ ਦੇ ਚਾਹਵਾਨ ਹੁੰਦੇ ਹਨ ਤਾਂ ਉਹ ਭਾਰਤ ਆ ਕੇ ਇਕੱਠਿਆਂ ਕਈ ਔਰਤਾਂ ਨੂੰ ਗਰਭ ਧਾਰਨ ਕਰਾ ਦਿੰਦੇ ਹਨ। ਇਹਨਾਂ ਵਿਚੋਂ ਕੁਝ ਔਰਤਾਂ ਵਿਚ ਇਹ ਪ੍ਰਯੋਗ ਸਫਲ ਹੋ ਜਾਂਦਾ ਹੈ ਤਾਂ ਉਹ ਕਿਸੇ ਇਕ ਔਰਤ ਨੂੰ ਛੱਡ ਬਾਕੀ ਦਾ ਗਰਭਪਾਤ ਕਰਾ ਦਿੰਦੇ ਹਨ। ਗਰਭਪਾਤ ਕਰਾਈਆਂ ਗਈਆਂ ਔਰਤਾਂ ਨੂੰ ਕੋਈ ਆਰਥਿਕ ਸਹਾਇਤਾ ਭਾਵ ਇਕ ਧੇਲਾ ਵੀ ਨਹੀਂ ਦਿੱਤਾ ਜਾਂਦਾ। ਇਹ ਸਰਾਸਰ ਅੱਨਿਆ ਅਤੇ ਬੇਇਨਸਾਫੀ ਹੈ।

ਕਿਰਾਏ 'ਤੇ ਕੁੱਖ ਦੇਣ ਵਾਲੀ ਔਰਤ ਨੂੰ ਹਰ ਹਾਲ ਵਿਚ ਪੈਸਾ ਤਾਂ ਮਿਲਣਾ ਹੀ ਚਾਹੀਦਾ ਹੈ। ਇਸੇ ਅਧਿਐਨ ਤੋਂ ਇਹ ਖੁਲਾਸਾ ਹੋਇਆ ਹੈ ਕਿ ਕੁੱਖ ਦੀ ਕੀਮਤ ਦਸ ਹਜ਼ਾਰ ਤੋਂ ਲੈ ਕੇ ਤੀਹ ਹਜ਼ਾਰ ਡਾਲਰ ਦੇ ਵਿਚਕਾਰ ਹੈ। ਕਦੀ-ਕਦੀ ਇਸ ਨਾਲੋਂ ਵੀ ਵੱਧ ਧਨਰਾਸ਼ੀ ਦਿੱਤੀ ਜਾਂਦੀ ਹੈ। ਪਰ ਇਸ ਰਾਸ਼ੀ 'ਚੋਂ ਸਰੋਗੇਸੀ ਮਾਂ ਨੂੰ ਤਾਂ ਸਿਰਫ ਇਕ ਜਾਂ ਦੋ ਫੀਸਦੀ ਨਕਦ ਰਾਸ਼ੀ ਹੀ ਮਿਲਦੀ ਹੈ, ਬਾਕੀ ਹਸਪਤਾਲ ਦੇ ਡਾਕਟਰ ਅਤੇ ਵਿਚੋਲੇ ਹਜ਼ਮ ਕਰ ਜਾਂਦੇ ਹਨ।

ਪ੍ਰਵਾਸੀ ਭਾਰਤੀਆਂ ਵਿਚ ਸਰੋਗੇਸੀ ਦੀ ਬਹੁਤ ਜ਼ਿਆਦਾ ਮੰਗ ਹੈ। ਜੇਕਰ ਔਰਤ ਤੰਦਰੁਸਤ ਅਤੇ ਸੁੰਦਰ ਹੋਣ ਦੇ ਨਾਲ ਉੱਚੇ ਪਰਿਵਾਰ ਤੋਂ ਹੁੰਦੀ ਹੈ ਤਾਂ ਉਸ ਨੂੰ ਵੱਧ ਪੈਸਾ ਦਿੱਤਾ ਜਾਂਦਾ ਹੈ। ਪ੍ਰਵਾਸੀ ਦੰਪਤੀ ਭਾਰਤ ਆ ਕੇ ਕਿਰਾਏ ਦੀ ਕੁੱਖ ਤੋਂ ਬੱਚਾ ਪੈਦਾ ਕਰਨਾ ਇਸ ਲਈ ਵੀ ਚੰਗਾ ਮੰਨਦੇ ਹਨ ਕਿਉਂਕਿ ਉਹ ਮਨੋਵਿਗਿਆਨਕ ਪੱਧਰ ਤੇ ਖੁਦ ਨੂੰ ਭਾਰਤ ਨਾਲ ਜੁੜਿਆ ਪਾਉਂਦੇ ਹਨ।

ਭਾਰਤ ਵਿਚ ਸਰੋਗੇਸੀ ਦੀ ਮੰਗ ਤੇਜ਼ੀ ਨਾਲ ਵੱਧ ਰਹੀ ਹੈ। ਇਸ ਸਿਲਸਿਲੇ ਵਿਚ ਇਕ ਸਵਾਲ ਇਹ ਵੀ ਹੈ ਕਿ ਜੇਕਰ ਕਿਰਾਏ ਦੀ ਕੁੱਖ ਲੈਣ ਦੇ ਦੌਰਾਨ ਪਤੀ-ਪਤਨੀ ਵਿਚ ਤਲਾਕ ਹੋ ਜਾਂਦਾ ਹੈ ਤਾਂ ਉਹ ਬੱਚਾ ਕਿਸ ਨੂੰ ਦਿੱਤਾ ਜਾਵੇ? ਮੰਨ ਲਵੋ, ਦੋਵੇਂ ਹੀ ਬੱਚਾ ਲੈਣ ਤੋਂ ਇਨਕਾਰ ਕਰ ਦੇਣ ਤਾਂ ਬੱਚੇ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਕਿਸਦੀ ਹੋਵੇਗੀ? ਕਿਉਂਕਿ 2009 ਵਿਚ ਜਾਪਾਨ ਤੋਂ ਅਹਿਮਦਾਬਾਦ ਆਏ ਇਕ ਜੋੜੇ ਨੂੰ ਤਲਾਕ ਦੀ ਸਥਿਤੀ ਵਿਚੋਂ ਲੰਘਣਾ ਪਿਆ ਹੈ। ਇਹੋ ਜਿਹੇ ਵਿਚ ਬੱਚੇ ਦੀ ਜੈਵਿਕ ਮਾਂ ਨੇ ਉਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਹਾਲਾਂਕਿ ਪਿਤਾ ਬੱਚੀ ਗੋਦ ਲੈਣ ਨੂੰ ਤਿਆਰ ਸੀ ਪਰ ਸਾਡਾ ਕਾਨੂੰਨ ਪੁਰਸ਼ ਨੂੰ ਬੱਚੀ ਗੋਦ ਲੈਣ ਦੀ ਇਜਾਜ਼ਤ ਖਾਸ ਮੁਸ਼ਕਿਲਾਂ ਵਿਚ ਹੀ ਦਿੰਦਾ ਹੈ। ਇਸ ਬਿਲ ਵਿਚ ਇਸ ਸਥਿਤੀ ਨੂੰ ਵੀ ਸਾਫ ਨਹੀਂ ਕੀਤਾ ਗਿਆ ਹੈ।

ਸਰਕਾਰ ਚਾਹੁੰਦੀ ਤਾਂ ਇਸ ਕੁਦਰਤ ਵਿਰੋਧੀ ਕਾਰੋਬਾਰ 'ਤੇ ਪੂਰੀ ਤਰ੍ਹਾਂ ਰੋਕ ਲਗਾ ਸਕਦੀ ਸੀ। ਇਹ ਤਦ ਹੀ ਸੰਭਵ ਹੁੰਦਾ, ਜਦ ਕਾਨੂੰਨ ਇਸ ਨੂੰ ਰਿਸ਼ਤੇ ਨਾਤੇ ਦੀਆਂ ਔਰਤਾਂ ਨੂੰ ਸਰੋਗੇਸੀ ਮਾਂ ਬਣਨ ਦੀ ਇਜਾਜ਼ਤ ਦਿੰਦਾ।

ਪਰ ਕਾਨੂੰਨ ਘਾੜਿਆਂ ਨੇ ਇਹੋ ਜਿਹਾ ਨਾ ਕਰਕੇ ਕਿਸੇ ਵੀ ਔਰਤ ਦੇ ਸਰੋਗੇਸੀ ਮਾਂ ਬਣਨ ਦੀ ਖੁੱਲ੍ਹ ਦੇ ਦਿੱਤੀ ਹੈ। ਦਰਅਸਲ ਇਸ ਖੁੱਲ੍ਹ ਦੇ ਪਿੱਛੇ ਵਿਦੇਸ਼ੀ ਕਰੰਸੀ ਦਾ ਲਾਲਚ ਵੀ ਹੈ। ਜੇਕਰ ਸਰਕਾਰ ਨੇ ਇਸ ਨੂੰ ਰਿਸ਼ਤੇ-ਨਾਤਿਆਂ ਤੱਕ ਹੀ ਸੀਮਤ ਕਰ ਦਿੰਦੀ ਤਾਂ ਇਸ ਧੰਦੇ ਦਾ ਰੁਖ ਥਾਈਲੈਂਡ ਵੱਲ ਖਿਸਕ ਜਾਣ ਦਾ ਖ਼ਤਰਾ ਸੀ। ਭਾਰਤ ਦੇ ਬਾਅਦ ਥਾਈਲੈਂਡ ਇਸ ਕਾਰੋਬਾਰ ਵਿਚ ਅੱਗੇ ਹੈ।

ਇਹੀ ਕਾਰਨ ਹੈ ਕਿ ਸਰਕਾਰ ਵੰਚਿਤ ਔਰਤਾਂ ਦੀ ਕੁੱਖ ਵਿਚੋਂ ਇਹੋ ਜਿਹਾ ਬਾਜ਼ਾਰ ਲੱਭ ਰਹੀ ਹੈ, ਜੋ ਵਿਦੇਸ਼ੀ ਪੂੰਜੀ ਦੇ ਆਉਣ ਵਿਚ ਮਦਦਗਾਰ ਬਣੇ। ਇਸ ਲਿਹਾਜ਼ ਨਾਲ ਇਕ ਵੱਡੀ ਚਿੰਤਾ ਇਹ ਵੀ ਬਣੀ ਹੋਈ ਹੈ ਕਿ ਕਿਰਾਏ ਦੀ ਕੁੱਖ ਵਿਚ ਬੱਚੇ ਪੈਦਾ ਕੀਤੇ ਜਾਣ ਦਾ ਕਾਰੋਬਾਰ ਕੱਲ੍ਹ ਨੂੰ ਕਿਤੇ ਬੱਚਿਆਂ ਦੇ ਅੰਗਾਂ ਦੀ ਤਸਕਰੀ, ਬਾਲ ਮਜ਼ਦੂਰੀ ਜਾਂ ਯੌਨ ਦੁਸ਼ਕਰਮ ਦੇ ਲਈ ਇਸਤੇਮਾਲ ਕੀਤੇ ਜਾਣ ਵੱਲ ਨਾ ਵੱਧ ਜਾਵੇ। ਕਿਉਂਕਿ ਇਸ ਅਨੈਤਿਕ ਵਪਾਰ ਤੋਂ ਪੈਦਾ ਕੀਤੇ ਇਹਨਾਂ ਬੱਚਿਆਂ ਨਾਲ ਜੈਵਿਕ ਮਾਂ-ਬਾਪ ਦਾ ਭਾਵਨਾਤਮਕ ਲਗਾਅ ਹੋਣਾ ਮੁਸ਼ਕਿਲ ਹੈ।

# ਦੇਸ਼ ਵਿਚ ਗਰੀਬੀ ਅਤੇ ਅੰਕੜਿਆਂ ਦਾ ਮੱਕੜਜਾਲ

ਕੁਝ ਸਮਾਂ ਪਹਿਲਾਂ ਕੇਂਦਰ ਸਰਕਾਰ ਨੇ ਗਰੀਬ ਲੋਕਾਂ ਦੇ ਅੰਕੜੇ ਜਾਰੀ ਕੀਤੇ। ਇਨ੍ਹਾਂ ਵਿਚ ਇਕ ਚੰਗੀ ਖ਼ਬਰ ਵੀ ਦਿਖਾਈ ਦਿੱਤੀ। ਸਰਕਾਰੀ ਵਿਚਾਰ-ਮੰਚ ਯੋਜਨਾ ਆਯੋਗ ਨੇ ਕਿਹਾ ਕਿ ਪਿਛਲੇ ਸਾਲ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਤਾਦਾਦ 269.3 ਮਿਲੀਅਨ, ਆਬਾਦੀ ਦਾ 21.9 ਫੀਸਦੀ ਸੀ। ਨਿਸਚਿਤ ਤੌਰ ਤੇ ਇਹ ਇਕ ਵੱਡੀ ਸੰਖਿਆ ਹੈ, ਪਰ ਇਹ 2005 ਦੇ ਅੰਤ ਵਿਚ ਗਰੀਬੀ ਰੇਖਾ ਦੇ ਥੱਲੇ ਰਹਿਣ ਵਾਲੇ 407.1 ਮਿਲੀਅਨ ਲੋਕਾਂ ਨਾਲੋਂ ਕਿਤੇ ਘੱਟ ਹੈ। ਉਸ ਦੌਰਾਨ ਯੋਜਨਾ ਆਯੋਗ ਦੇ ਅਨੁਮਾਨ ਦੇ ਅਨੁਸਾਰ ਦੇਸ਼ ਦੀ 37.2 ਫੀਸਦੀ ਆਬਾਦੀ ਗਰੀਬ ਸੀ। ਤਾਜ਼ਾ ਅਨੁਮਾਨਾਂ ਨੇ ਗਰੀਬੀ ਵਿਚ ਦੋ ਦਹਾਕਿਆਂ ਵਿਚ ਆਈ ਮਹੱਤਵਪੂਰਨ ਕਮੀ ਨੂੰ ਦਿਖਾਇਆ। 2004 ਦੇ ਅੰਤ ਵਿਚ 403.7 ਮਿਲੀਅਨ ਜਾਂ ਆਬਾਦੀ ਦਾ 45.3 ਫੀਸਦੀ ਹਿੱਸਾ ਗਰੀਬ ਸੀ। ਮੀਡੀਆ ਦੀ ਸੁਰਖੀਆਂ ਵਿਚ ਗਰੀਬਾਂ ਦੀ ਘਟਦੀ ਤਾਦਾਦ ਦਾ ਜਸ਼ਨ ਮਨਾਇਆ ਗਿਆ। ਪਰ ਇਹ ਅੰਕੜੇ ਕਿੰਨੇ ਸਹੀ ਹਨ ਅਤੇ ਕੀ ਇਹਨਾਂ ਦੀ ਆਰਥਿਕ ਪੜਤਾਲ ਕੀਤੀ ਜਾ ਸਕਦੀ ਹੈ? ਭਾਰਤ ਵਿਚ ਗਰੀਬੀ ਦੇ ਅੰਕੜਿਆਂ ਦੇ ਮੱਕੜਜਾਲ ਕੁਝ ਜ਼ਿਆਦਾ ਹੀ ਹਨ।

ਸਰਕਾਰੀ ਅਨੁਮਾਨਾਂ ਅਤੇ ਅੰਕੜਿਆਂ ਦੇ ਆਧਾਰ 'ਤੇ ਦੇਸ਼ ਵਿਚ ਗਰੀਬਾਂ ਦੀ ਅਸਲ ਸੰਖਿਆ ਸ਼ਾਇਦ ਹੀ ਕਦੀ ਪ੍ਰਕਾਸ਼ ਵਿਚ ਆ ਸਕੀ ਹੋਵੇ। ਯੋਜਨਾ ਆਯੋਗ ਦੇ ਅੰਕੜੇ ਅਰਥ-ਸ਼ਾਸਤਰੀ ਸੁਰੇਸ਼ ਤੇਂਦੂਲਕਰ ਦੀ ਅਗਵਾਈ ਵਾਲੇ ਮਾਹਿਰਾਂ ਦੇ ਇਕ ਪੈਨਲ ਰਾਹੀਂ 2005 ਵਿਚ ਇਕੱਠੀ ਕੀਤੀ ਜਾਣਕਾਰੀ 'ਤੇ ਆਧਾਰਿਤ ਹੈ। ਇਹ ਜਾਣਕਾਰੀ ਗਰੀਬੀ ਨੂੰ ਇਕ ਖਾਸ ਸਮੇਂ ਵਿਚ ਇਕ ਆਦਮੀ ਦੇ ਘਰੇਲੂ ਆਮਦਨੀ ਦੇ ਸੰਦਰਭ ਵਿਚ ਪਰਿਭਾਸ਼ਿਤ ਕਰਦੀ ਹੈ। ਪੇਂਡੂ ਖੇਤਰਾਂ ਵਿਚ ਰੋਜ਼ਾਨਾ ਕਰੀਬ 27 ਰੁਪਏ, 45 ਪੈਸੇ ਅਤੇ ਸ਼ਹਿਰੀ ਇਲਾਕਿਆਂ ਵਿਚ 33 ਰੁਪਏ 55 ਪੈਸੇ ਖਰਚ ਕਰਨ ਵਾਲੇ ਹੀ ਸਰਕਾਰੀ ਅਨੁਮਾਨ ਦੇ ਮੁਤਾਬਕ ਗਰੀਬ ਹਨ।

ਆਯੋਗ ਦੀ ਰਿਪੋਰਟ ਗਰੀਬੀ ਸ਼ਬਦ ਦੀ ਪਰਿਭਾਸ਼ਾ ਨਹੀਂ ਬਣਦੀ ਦੱਸਦੀ। ਆਲੋਚਕ ਕਹਿੰਦੇ ਹਨ ਕਿ ਖਰਚ ਦੀ ਸੀਮਾ ਰੇਖਾ ਕਾਫੀ ਥੱਲੇ ਹੈ। ਗਰੀਬੀ ਰੇਖਾ ਜਿੰਨੀ ਥੱਲੇ ਹੋਵੇਗੀ, ਗਰੀਬੀ ਦੀ ਸੰਖਿਆ ਉਨੀ ਹੀ ਘੱਟ ਹੋਵੇਗੀ। ਕੁਝ ਅਰਥਸ਼ਾਸਤਰੀ ਕਹਿੰਦੇ ਹਨ ਕਿ ਭਾਰਤ ਵਿਚ ਆਰਥਿਕ ਜ਼ਰੂਰਤਾਂ, ਜਿਵੇਂ ਉੱਚ ਅਤੇ ਲਗਾਤਾਰ ਵੱਧ ਰਹੀ ਅਨਾਜ ਦੀ ਕੀਮਤ, ਕਿਰਾਏ ਅਤੇ ਖਰਚੇ ਦਾ ਅਰਥ ਹੋਇਆ ਹੈ ਕਿ ਐਨੇ ਘੱਟ ਪੈਸਿਆਂ ਨਾਲ ਘੱਟ ਤੋਂ ਘੱਟ ਖਾਣਾ ਖਰੀਦਣਾ ਵੀ ਅਸੰਭਵ ਹੈ। ਉਦਾਹਰਣ ਦੇ ਲਈ ਸਰਕਾਰੀ ਜਨਤਕ ਵੰਡ ਵਿਵਸਥਾ ਦੇ ਤਹਿਤ ਸਬਸਿਡੀ ਕੀਮਤਾਂ ਤੇ ਵੇਚੇ ਜਾਣ ਵਾਲੇ ਇਕ ਕਿਲੋ ਚੌਲਾਂ ਦੀ ਔਸਤ ਕੀਮਤ 18 ਤੋਂ 20 ਰੁਪਏ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਅਨੁਮਾਨ ਬੇਹੱਦ ਗਰੀਬੀ ਵਿਚ ਰਹਿਣ ਵਾਲਿਆਂ ਦੀ ਸਹੀ ਸੰਖਿਆ ਨਹੀਂ ਦੱਸਦਾ। ਸੁਪਰੀਮ ਕੋਰਟ ਦੇ ਵੱਲੋਂ ਖੁਰਾਕ ਪ੍ਰੋਗਰਾਮਾਂ 'ਤੇ ਨਜ਼ਰ ਰੱਖਣ ਵਾਲੇ ਸਾਬਕਾ ਬਿਊਰੋਕ੍ਰੇਟ ਐਨ. ਸੀ. ਸਕਸੈਨਾ ਕਹਿੰਦੇ ਹਨ ਕਿ ਗਰੀਬੀ ਦੀ ਸੰਖਿਆ ਦਾ ਅਨੁਮਾਨ ਵਰਤਮਾਨ ਆਰਥਿਕ ਵਾਤਾਵਰਣ ਵਿਚ ਬੇਤੁਕਾ ਹੈ।

ਉਹਨਾਂ ਦਾ ਕਹਿਣਾ ਹੈ ਕਿ ਪਹਿਲਾਂ ਤੋਂ ਹੀ ਭਾਰਤ ਵਿਚ ਗਰੀਬ ਰੇਖਾ ਕੁਝ ਜ਼ਿਆਦਾ ਹੀ ਨੀਵੇਂ ਪੱਧਰ 'ਤੇ ਤੈਅ ਕੀਤੀ ਜਾਂਦੀ ਰਹੀ ਹੈ। ਤਾਜ਼ਾ ਪਰਿਭਾਸ਼ਾ ਦੇ ਤਹਿਤ ਗਰੀਬੀ ਰੇਖਾ ਨੂੰ ਵਿਸ਼ਵ ਬੈਂਕ ਤੈਅਸ਼ੁਦਾ ਹੇਠਲੇ ਪੱਧਰ ਤੋਂ ਥੋੜ੍ਹਾ ਹੀ ਰੱਖਿਆ ਗਿਆ ਹੈ। ਵਿਸ਼ਵ ਬੈਂਕ ਦੀ ਪਰਿਭਾਸ਼ਾ ਹੇਠਲੇ ਪੱਧਰ ਵਿਚ ਗੁਜ਼ਾਰਾ ਕਰਨ ਵਾਲਿਆਂ ਨੂੰ ਗਰੀਬ ਮੰਨਦੀ ਹੈ। ਵਿਸ਼ਵ ਬੈਂਕ ਦੀ ਵੱਧ ਤੋਂ ਵੱਧ ਗਰੀਬ ਰੇਖਾ 1.25 ਡਾਲਰ ਸਮਰੱਥਾ ਪੀ. ਪੀ. ਪੀ. (ਪਰਚੇਜਿੰਗ ਪਾਵਰ ਪੈਰਿਟੀ) 'ਤੇ ਆਧਾਰਿਤ ਹੈ। ਪੀ. ਪੀ. ਪੀ. ਵੱਖ ਵੱਖ ਦੇਸ਼ਾਂ ਵਿਚ ਇਕ ਹੀ ਚੀਜ਼ ਖਰੀਦਣ ਦੇ ਲਈ ਖਰਚ ਕੀਤੀ ਗਈ ਰਾਸ਼ੀ ਦੀ ਤੁਲਨਾ ਕਰਦੀ ਹੈ। ਜੇਕਰ ਮੱਧ ਆਮਦਨੀ ਵਾਲੀ ਅਰਥ ਵਿਵਸਥਾ ਦੇ ਲਈ ਵਿਸ਼ਵ ਬੈਂਕ ਦੀ ਤੈਅਸ਼ੁਦਾ ਪ੍ਰਤੀ ਦਿਨ 2 ਡਾਲਰ ਵਾਲੀ ਉੱਚ ਗਰੀਬੀ ਦੀ ਰੇਖਾ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਵਿਚ ਗਰੀਬੀ ਰੇਖਾ 44 ਰੁਪਏ ਨਿਰਧਾਰਿਤ ਹੋਵੇਗੀ।

ਹਾਲਾਂਕਿ ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਪਿਛਲੇ ਦਹਾਕੇ ਵਿਚ ਸਮਾਜ ਦੇ ਸਭ ਨਾਲੋਂ ਕਮਜ਼ੋਰ ਤਬਕਿਆਂ ਦੀ ਖਪਤ ਕਾਫੀ ਵਧੀ ਹੈ, ਜੋ ਜ਼ਿੰਦਗੀ-ਜਿਊਣ ਵਿਚ ਸੁਧਾਰ ਦਾ ਇਕ ਸੱਤਵਾਂ ਦੇਣ ਵਾਲਾ ਸੂਚਕ ਹੈ। ਰਾਸ਼ਟਰੀ ਸੈਂਪਲ ਸਰਵੇਖਣ ਸੰਗਠਨ ਦੀ ਇਕ ਇਕਾਈ ਰਾਹੀਂ 2010-11 ਵਿਚ ਪਰਿਵਾਰਕ ਆਮਦਨੀ ਤੇ ਕੀਤੇ ਗਏ ਇਕ ਸਰਵੇ ਦੇ ਅਨੁਸਾਰ 2004-05 ਤੋਂ ਆਮਦਨੀ ਵਿਚ ਸਾਲਾਨਾ 4.0 ਫੀਸਦੀ 4.2 ਫੀਸਦੀ ਦਾ ਵਾਧਾ ਹੋਇਆ। ਇਸ ਤੋਂ ਪਹਿਲਾਂ ਦੇ ਦਸ ਸਾਲਾਂ ਵਿਚ ਇਹ ਦਰ 2.0 ਫੀਸਦੀ ਤੋਂ 2.5 ਤੱਕ ਸੀ।

ਉਹਨਾਂ ਦਾ ਮੰਨਣਾ ਹੈ ਕਿ ਗਰੀਬੀ ਦੇ ਘੇਰੇ ਵਿਚ ਜ਼ਿਆਦਾ ਲੋਕਾਂ ਦੇ ਹੋਣ ਦਾ ਅਰਥ ਹੋਵੇਗਾ ਸਰਕਾਰ 'ਤੇ ਵੱਧ ਵਿੱਤੀ ਦਬਾਅ, ਜਿਸਨੂੰ ਸਹਿਣ ਕਰਨ ਦੀ ਸਥਿਤੀ ਵਿਚ ਉਹ ਨਹੀਂ ਹੈ। ਇਕ ਨਿਮਨ ਗਰੀਬੀ ਰੇਖਾ ਨਾਲ ਸਰਕਾਰ ਸਮਾਜ ਦੇ ਸਭ ਤੋਂ ਕਮਜ਼ੋਰ ਤਬਕੇ ਦੇ ਲਈ ਕਲਿਆਣਕਾਰੀ ਨੀਤੀਆਂ ਨੂੰ ਲਾਗੂ ਕਰ ਸਕੇਗੀ।

ਹਾਲਾਂਕਿ ਗਰੀਬੀ ਦੇ ਅੰਕੜੇ ਪੇਸ਼ ਕਰਨ ਦੇ ਸਮੇਂ ਨੂੰ ਲੈ ਕੇ ਵੀ ਪ੍ਰਸ਼ਨ ਉੱਚ ਰਹੇ ਹਨ। ਆਲੋਚਕ ਕਹਿੰਦੇ ਹਨ ਕਿ ਸਰਕਾਰ ਗਰੀਬੀ ਤੇ ਅੰਕੜਿਆਂ ਦਾ ਐਲਾਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਆਰਥਿਕ ਸਲਾਹਕਾਰ ਸੀ. ਰੰਗਾਰਾਜਨ ਦੀ ਅਗਵਾਈ ਵਾਲੇ ਇਕ ਦੂਜੇ ਪੈਨਲ ਦੇ ਸੁਝਾਵਾਂ ਦਾ ਇੰਤਜ਼ਾਰ ਕਰ ਸਕਦੀ ਸੀ। ਰੰਗਾਰਾਜਨ ਪੈਨਲ ਦਾ ਗਠਨ ਪਿਛਲੇ ਸਾਲ ਜੂਨ ਵਿਚ ਗਰੀਬੀ ਦੇ ਅੰਦਾਜ਼ੇ ਦੇ ਲਈ ਢੁੱਕਵੇਂ ਵਾਧੇ ਦੀ ਸਮੀਖਿਆ ਦੇ ਲਈ ਕੀਤਾ ਗਿਆ ਸੀ।

ਤੇਂਦੂਲਕਰ ਕਮੇਟੀ ਦੇ ਸੁਝਾਵਾਂ 'ਤੇ ਸਰਕਾਰ ਨੇ ਗਰੀਬੀ ਰੇਖਾ ਨੂੰ ਐਨਾ ਥੱਲੇ ਕਿਵੇਂ ਰੱਖਿਆ, ਇਸ 'ਤੇ ਵਿਆਪਕ ਆਲੋਚਨਾ ਦੇ ਬਾਅਦ ਹੀ ਰੰਗਾਰਾਜਨ ਪੈਨਲ ਦਾ ਗਠਨ ਕੀਤਾ ਗਿਆ ਸੀ। 14 ਤਾਰੀਖ ਨੂੰ ਸਰਕਾਰ ਨੇ ਕਿਹਾ ਕਿ ਰੰਗਾਰਾਜਨ ਪੈਨਲ ਦੀ ਰਿਪੋਰਟ 2014 ਦੇ ਅੱਧ ਵਿਚ ਹੀ ਆ ਸਕੇਗੀ, ਪਰ ਕਿਉਂਕਿ ਐਨ. ਐਸ. ਐਮ. ਓ. ਰਾਹੀਂ ਕੀਤਾ ਆਮਦਨ ਸਰਵੇ ਪੂਰਾ ਹੋ ਚੁੱਕਿਆ ਹੈ, ਇਸ ਲਈ ਸਰਕਾਰ ਨੇ ਰੰਗਾਰਾਜਨ ਪੈਨਲ ਦੀ ਰਿਪੋਰਟ ਤੋਂ ਪਹਿਲਾਂ ਗਰੀਬੀ ਦਾ ਅਪਡੇਟਡ ਅਨੁਮਾਨ ਜਾਰੀ ਕਰਨ ਦਾ ਫੈਸਲਾ ਕੀਤਾ।

ਯੋਜਨਾ ਆਯੋਗ ਨੇ ਕਿਹਾ ਕਿ ਗਰੀਬੀ ਰੇਖਾ ਦਾ ਪੱਧਰ ਬਾਮੁਸ਼ਕਿਲ ਇਸ ਦੇ ਥੱਲੇ ਰਹਿਣ ਵਾਲਿਆਂ ਦੀ ਸੰਖਿਆ ਦੀ ਗਿਣਤੀ ਦਰ ਵਿਚ ਫਰਕ ਲਿਆ ਸਕੇਗਾ। ਹਾਲਾਂਕਿ ਆਯੋਗ ਦੀ ਰਿਪੋਰਟ ਨੇ ਕਬੂਲ ਕੀਤਾ ਕਿ ਜੇਕਰ ਗਰੀਬ ਨੂੰ ਅੰਕਣ ਵਾਲੀ ਰੇਖਾ ਨੂੰ ਚੁੱਕ ਦਿੱਤਾ ਜਾਵੇ ਤਾਂ ਗਰੀਬੀ ਦਾ ਪੂਰਨ ਪੱਧਰ ਵੱਧ ਹੋਵੇਗਾ। ਇਹਨਾਂ ਅੰਕੜਿਆਂ ਨੇ ਸੁਝਾਇਆ ਕਿ ਗਰੀਬੀ ਰੇਖਾ ਦਰ ਵਿਚ 1993-94 ਅਤੇ 2004-05 ਦੇ 0.55 ਫੀਸਦੀ ਦੀ ਗਿਰਾਵਟ ਦੇਖੀ ਗਈ, ਜਦਕਿ 2004-05 ਅਤੇ 2011-12 ਦੇ ਵਿਚਕਾਰ ਇਹ 7.18 ਫੀਸਦੀ ਰਹੀ। ਰਿਪੋਰਟ ਦੇ ਦੂਸਰੇ ਨਤੀਜਿਆਂ ਵਿਚ ਸ਼ਾਮਲ ਹਨ- ਸ਼ਹਿਰੀ ਇਲਾਕਿਆਂ ਵਿਚ, 1993-94 ਤੋਂ 2004-05 ਦੇ 0.55 ਫੀਸਦੀ ਦੀ ਤੁਲਨਾ ਵਿਚ ਗਰੀਬੀ ਸਲਾਨਾ 1.69 ਫੀਸਦੀ ਦੀ ਦਰ ਤੋਂ ਘੱਟ ਹੋਈ। ਪਿੰਡ ਦੇ ਇਲਾਕਿਆਂ ਵਿਚ ਇਹ 1993-94 ਤੋਂ 2004-05 ਦੇ 0.75 ਫੀਸਦੀ ਦੀ ਤੁਲਨਾ ਵਿਚ ਸਾਲਾਨਾ 2.32 ਫੀਸਦੀ ਦਰ ਤੋਂ ਡਿੱਗੀ। ਆਯੋਗ ਦੇ ਅਨੁਸਾਰ 2011-12 ਵਿਚ ਭਾਰਤ ਦੇ ਜ਼ਿਆਦਾਤਰ ਗਰੀਬ ਪੇਂਡੂ ਫਿਰਕਿਆਂ ਵਿਚ ਰਹਿ ਰਹੇ ਸਨ। ਉਹਨਾਂ ਸਾਲਾਂ ਵਿਚ ਪੇਂਡੂ ਭਾਰਤ ਵਿਚ ਕਰੀਬ 216.5 ਮਿਲੀਅਨ ਗਰੀਬ ਸਨ, ਜਦਕਿ ਸ਼ਹਿਰੀ ਇਲਾਕਿਆਂ ਵਿਚ 52.8 ਮਿਲੀਅਨ।

## ਪਟੇਲ ਦੇ ਬੁੱਤ ਲਈ 'ਸਾਚੀ ਸਾਖੀ' ਦੇ ਕਰਤਾ ਸਿਰਦਾਰ ਕਪੂਰ ਸਿੰਘ ਦੇ ਵਿਹੜੇ ਦੀ ਮਿੱਟੀ ਵੀ ਪੁੱਟ ਲਿਓ ਸਿੰਘ ਜੀ!

ਭਾਜਪਾ ਦੇ ਏਜੰਡੇ ਅਨੁਸਾਰ ਬਣਾਏ ਜਾ ਰਹੇ ਵੱਲਭ ਭਾਈ ਪਟੇਲ ਦੇ ਬੁੱਤ ਲਈ ਸਿੱਖ ਧਾਰਮਿਕ ਅਸਥਾਨਾਂ ਤੋਂ ਮਿੱਟੀ ਅਤੇ ਲੋਹਾ ਆਦਿਕ ਇਕੱਤਰ ਕਰਨ ਵਾਸਤੇ ਭਾਜਪਾਈਆਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਤੁਰੇ ਹੋਏ ਸਿੱਖ ਸਿਆਸੀ ਆਗੂਆਂ 'ਤੇ ਵਿਅੰਗ-ਤਾਅਨਾ ਕੱਸਦਿਆਂ ਤਰਲੋਚਨ ਸਿੰਘ 'ਦੁਪਾਲ ਪੁਰ' ਸਾਬਕਾ ਮੈਂਬਰ ਐਸ.ਜੀ.ਪੀ.ਸੀ. ਨੇ 'ਸਲਾਹ' ਦਿੱਤੀ ਹੈ ਕਿ ਇਸ ਕਾਰਜ ਲਈ ਸਿਰਦਾਰ ਕਪੂਰ ਸਿੰਘ ਦੇ ਗ੍ਰਹਿ, ਤਿੰਨ ਜਾਮਣ, ਖਾਜਾ ਬਾਜੂ ਜਗਰਾਵਾਂ ਦੇ ਵਿਹੜੇ 'ਚੋਂ ਵੀ ਮਿੱਟੀ ਪੁੱਟ ਲਿਆਂਦੀ ਜਾਵੇ। ਜਿੱਥੇ ਸਿੱਖਾਂ ਵਿਰੁੱਧ ਤੁਅੱਸਬ ਨਾਲ ਭਰੇ ਹੋਏ ਵਲਭ ਪਟੇਲ ਦਾ ਰਾਜ-ਕੋਪ ਝੱਲਦਿਆਂ ਸਾਚੀ ਸਾਖੀ ਲਿਖੀ ਗਈ ਅਤੇ ਸਿਰਦਾਰ ਜੀ ਨੇ ਜ਼ਿੰਦਗੀ ਦੇ ਅੰਤਲੇ ਦਿਨ ਕਰੁਣਾ ਮਈ ਹਾਲਤ ਵਿਚ ਗੁਜ਼ਾਰੇ।

ਯਾਦ ਰਹੇ ਦੇਸ਼ ਅਜ਼ਾਦ ਹੋਣ ਤੋਂ ਡੇਢ੍ਹ ਕੁ ਮਹੀਨਾ ਬਾਅਦ ਹੀ ਇਸੇ ਪਟੇਲ ਨੇ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਲੋਕ ਹੋਣ ਦਾ ਮੁਤੱਸਬੀ 'ਸਰਕੂਲਰ' ਜਾਰ੍ਹੀ ਕੀਤਾ ਸੀ। 'ਸਾਚੀ ਸਾਖੀ' ਵਿਚਲਾ ਉਕਤ ਸਿੱਖ ਵਿਰੋਧੀ ਬਿਰਤਾਂਤ ਭੁਲਾ ਕੇ, ਅੱਜ ਕੁੱਝ ਭੁੱਲੜ ਸਿੱਖ ਪਟੇਲ ਦਾ ਬੁੱਤ ਬਣਾਉਣ ਲਈ ਗੁਰ ਅਸਥਾਨਾਂ 'ਚੋਂ ਮਿੱਟੀ-ਲੋਹਾ ਇਕੱਠਾ ਕਰਨ ਲਈ ਪੱਬਾਂ ਭਾਰ ਹੋਏ ਫਿਰਦੇ ਹਨ। ਭਾਜਪਾ ਦੇ ਸਿਆਸੀ ਮੰਤਵਾਂ ਦੀ ਪੂਰਤੀ ਕਰਦਿਆਂ, ਇੱਕ ਸਿੱਖ ਸਿਆਸੀ ਦਲ ਵਲੋਂ ਉਕਤ ਕੌਮ-ਘਾਤੀ ਰਵਈਆ ਅਪਨਾਉਣਾ,ਪੂਰੇ ਸਿੱਖ ਜਗਤ ਲਈ ਭਾਰੀ ਨਮੋਸ਼ੀ ਦਾ ਬਾਇਸ ਹੈ। ਸ੍ਰ. ਦੁਪਾਲ ਪੁਰ ਨੇ ਚਿੰਤਾ ਜਾਹਰ ਕਰਦਿਆਂ ਹੋਰ ਕਿਹਾ ਕਿ ਜੇ ਪੰਜਾਬ ਦਾ ਅਜੋਕਾ ਸਿੱਖ ਸਿਆਸੀ ਦ੍ਰਿਸ਼ ਇਹੋ ਜਿਹਾ ਹੀ ਰਿਹਾ ਅਤੇ ਕੌਮ ਉਦਾਸੀਨਤਾ 'ਚ ਹੀ ਡੁੱਬੀ ਰਹੀ ਤਾਂ ਕਲ੍ਹ-ਕਲੋਤਰ ਨੂੰ ਕੋਈ ਸਿਆਸੀ ਪਾਰਟੀ, ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਫਤਹਿ ਗੜ੍ਹ ਸਾਹਿਬ ਸਰਹਿੰਦ ਤੋਂ ਮਿੱਟੀ ਲੈ ਕੇ ਗੰਗੂ ਜਾਂ ਵਜੀਦਾ ਖਾਨ ਦੇ ਬੁੱਤ ਬਣਾਉਣ ਦਾ ਐਲਾਨ ਵੀ ਕਰ ਸਕਦੀ ਹੈ।

ਅਖੀਰ ਵਿੱਚ ਉਨਾਂ ਚੇਤੰਨ ਜਾਗਰੂਕ ਕਹਾਉਣ ਵਾਲ਼ੀਆਂ ਸਿੱਖ ਜਥੇਬੰਦੀਆਂ ਨੂੰ ਦਰਦ ਭਰੀ ਅਪੀਲ ਕੀਤੀ ਕਿ ਸਿਆਸੀ ਮਨੋਰਥਾਂ ਲਈ ਕੀਤੇ ਜਾ ਰਹੇ ਉਪਰੋਕਤ ਘੋਰ ਅਨਰਥ ਵਿਰੁੱਧ ਸਮੁੱਚੀ ਕੌਮ ਨੂੰ ਹਲੂਣਾ ਦੇਣ ਲਈ ਜ਼ਬਰਦਸਤ ਮੁਹਿੰਮ ਵਿੱਢੀ ਜਾਵੇ। ਇਸ ਕੌਮੀ ਕਾਜ ਲਈ ਦੇਸ਼-ਵਿਦੇਸ਼ ਦੀਆਂ ਸਿੱਖ ਸਭਾ ਸੋਸਾਇਟੀਆਂ ਨਾਲ ਫੌਰਨ ਤਾਲ-ਮੇਲ ਕੀਤਾ ਜਾਣਾ ਚਾਹੀਦਾ ਹੈ।

**- ਤਰਲੋਚਨ ਸਿੰਘ ਦੁਪਾਲਪੁਰ**



**ਦੇਸ਼ ਵਿਚ ਕਮਜ਼ੋਰ ਅਤੇ ਮਜਬੂਰ ਸਰਕਾਰ ਦਾ ਰਹਿਣਾ ਬਹੁਜਨ ਸਮਾਜ ਦੇ ਹਿੱਤ ਵਿਚ ਹੈ**
**- ਬਹੁਜਨ ਨਾਇਕ ਸਾਹਿਬ ਕਾਂਸ਼ੀਰਾਮ**




# ਫਰੀਮਾਂਟ ਗੁਰੂ ਘਰ ਦੀ ਸੁਪਰੀਮ ਕੌਂਸਲ ਦੀ 9 ਮਾਰਚ 2014 ਨੂੰ ਹੋ ਰਹੀ ਚੋਣ ਲਈ ਬੇ ਏਰੀਆ ਸਿੱਖ ਅਲਾਇੰਸ ਵੱਲੋਂ ਸਰਗਰਮੀਆਂ ਸ਼ੁਰੂ

ਹੇਵਰਡ ਵਿਖੇ ਦਿਨ ਸੋਮਵਾਰ ਨੂੰ ਸ਼ੁਦੇਸ਼ ਸਿੰਘ ਅਟਵਾਲ ਅਤੇ ਜਸਵੀਰ ਸਿੰਘ ਤੱਖਰ ਦੇ ਸੱਦੇ 'ਤੇ ਬੇ ਏਰੀਆ ਸਿੱਖ ਅਲਾਇੰਸ ਦੀ ਫਰੀਮਾਂਟ ਗੁਰੂ ਘਰ ਦੀ ਸੁਪਰੀਮ ਕੌਂਸਲ ਦੀਆਂ ਆ ਰਹੀਆਂ ਚੋਣਾਂ ਦੇ ਮੁੱਦੇ 'ਤੇ ਤਿਆਰੀ ਦੇ ਸਬੰਧ ਵਿੱਚ ਇਕ ਹੰਗਾਮੀ ਮੀਟਿੰਗ ਹੋਈ ਜਿਸ ਵਿੱਚ ਚੋਣਾਂ ਦੇ ਸਬੰਧ 'ਚ ਸਰਬਸਮੰਤੀ ਨਾਲ ਰਣਨੀਤੀ ਤਿਆਰ ਕੀਤੀ ਗਈ।

ਰਣਨੀਤੀ ਦੇ ਪਹਿਲੇ ਗੇੜ ਚ ਸਰਬਸੰਮਤੀ ਨਾਲ 5 ਫਰਵਰੀ ਨੂੰ ਸਾਰੇ ਉਮੀਦਵਾਰ ਖੜ੍ਹੇ ਕਰਨ ਦੀ ਲਿਸਟ ਤਿਆਰ ਕਰ ਕੇ ਫਾਰਮ ਭਰਨੇ ਸ਼ੁਰੂ ਕਰ ਦਿੱਤੇ ਗਏ ਹਨ। ਜੇ ਕਿਸੇ ਵੀਰ ਭੈਣ ਨੇ ਚੋਣਾਂ ਵਿੱਚ ਭਾਗ ਲੈ ਕੇ ਗੁਰੂ ਘਰ ਦੇ ਮੌਜੂਦਾ ਸਿਸਟਮ ਨੂੰ ਹੋਰ ਵੀ ਚੰਗਾ ਬਣਾਉਣ ਲਈ ਯੋਗਦਾਨ ਪਾਉਣਾ ਹੋਵੇ ਤਾਂ ਉਨ੍ਹਾਂ ਲਈ ਬੇ ਏਰੀਆ ਸਿੱਖ ਅਲਾਇੰਸ ਦੇ ਦਰਵਾਜੇ ਖੁੱਲ੍ਹੇ ਹਨ।

ਮੀਟਿੰਗ ਵਿੱਚ, ਸ਼ੁਦੇਸ਼ ਸਿੰਘ ਅਟਵਾਲ-ਜਸਵੀਰ ਸਿੰਘ ਤੱਖਰ ਤੋਂ ਇਲਾਵਾ, ਪਰਮਜੀਤ ਸਿੰਘ ਸੇਖੋਂ ਦਾਖਾ, ਸੁਰਿੰਦਰ ਸਿੰਘ ਸੈਣੀ, ਇਕਬਾਲ ਸਿੰਘ ਢਿਲੋਂ, ਸਤਪਾਲ ਸਿੰਘ ਮਦਾਰ, ਸੁਖਦੇਵ ਸਿੰਘ ਮੁਡੀਆ, ਜੀਤ ਸਿੰਘ ਚੌਹਾਨ, ਰਣਬੀਰ ਸਿੰਘ ਬੱਲ, ਜਗੀਰ ਸਿੰਘ, ਚਰਨਜੀਤ ਸਿੰਘ ਸਹੋਤਾ, ਸ਼ਮਸ਼ੇਰ ਸਿੰਘ, ਦਰਸ਼ਣ ਸਿੰਘ ਸਰਾਂ, ਅਵਤਾਰ ਸਿੰਘ ਸਰਾਂ, ਗੁਰਦੇਵ ਸਿੰਘ ਬੱਲ, ਬਲਵਿੰਦਰ ਸਿੰਘ ਹੇਵਡ, ਹਰਦੀਪ ਸਿੰਘ, ਦੀਪਾ ਸਿੰਘ ਫਰੀਮਾਂਟ, ਜਰਨੈਲ ਸਿੰਘ ਸੈਨਹੋਜ਼ੇ, ਸੁਖਵਿੰਦਰ ਸਿੰਘ ਫਿਅਰਫੀਲਡ, ਭੁਪਿੰਦਰ ਸਿੰਘ ਸੈਨਹੋਜੇ, ਜਰਨੈਲ ਸਿੰਘ ਫਰੀਮਾਂਟ, ਮਹਿੰਦਰ ਸਿੰਘ ਸੈਨਹੋਜੇ, ਮਨਜੀਤ ਸਿੰਘ ਔਕਲੈਂਡ, ਕਰਮਜੀਤ ਸਿੰਘ ਔਕਲੈਂਡ, ਜਸਵੀਰ ਸਿੰਘ ਡਬਲਨ, ਦਰਸ਼ਣ ਸਿੰਘ ਡਬਲਨ, ਸਰਬਜੀਤ ਸਿੰਘ ਫਰੀਮਾਂਟ, ਕੁਲਦੀਪ ਸਿੰਘ ਢੀਂਡਸਾ, ਮਹਿੰਦਰ ਸਿੰਘ ਸੈਨਹੋਜੇ, ਸੁਖਵਿੰਦਰ ਸਿੰਘ ਤਲਵੰਡੀ, ਅਮਰਜੀਤ ਸਿੰਘ ਝਾਂਡੇ, ਦਲਬੀਰ ਸਿੰਘ ਫਰੀਮਾਂਟ, ਸਤਨਾਮ ਸਿੰਘ ਫਰੀਮਾਂਟ, ਜੋਗਾ ਸਿੰਘ ਯੂਨੀਅਨ ਸਿਟੀ, ਮਲਕੀਤ ਸਿੰਘ ਯੂਨੀਅਨ ਸਿਟੀ, ਸੁਖਵਿੰਦਰ ਸਿੰਘ ਨਿਊਵਰਕ, ਦਲਜੀਤ ਸਿੰਘ ਨਿਊਵਰਕ, ਪਰਗਟ ਸਿੰਘ ਫਰੀਮਾਂਟ, ਗੁਰਤੇਜ ਸਿੰਘ ਯੂਨੀਅਨ ਸਿਟੀ, ਗੁਰਦੀਪ ਸਿੰਘ ਯੂਨੀਅਨ ਸਿਟੀ, ਜਗਸੀਰ ਸਿੰਘ ਐਲਸਬਰਾਂਟੇ, ਸੁਰਜੀਤ ਸਿੰਘ ਐਲਸਬਰਾਂਟੇ, ਮੋਹਨ ਸਿੰਘ ਐਲਸਬਰਾਂਟੇ, ਆਦਿ ਨੇ ਮੀਟਿੰਗ ਵਿੱਚ ਭਾਗ ਲਿਆ।

ਅਸੀਂ ਆਪਣੇ ਸਤਿਕਾਰ ਯੋਗ ਵੋਟਰਾਂ ਤੇ ਸਪੋਟਰਾਂ ਨੂੰ ਬੇਨਤੀ ਕਰਦੇ ਹਾਂ, ਕਿ ਤੁਸੀਂ ਜਿਥੇ ਕਿਤੇ ਵੀ ਹੋ, ਤੁਸੀਂ ਹੀ ਸਾਡੀ ਤਾਕਤ ਹੋ, ਤੁਸੀਂ ਹੀ ਸਾਡੀ ਆਵਾਜ਼ ਹੋ। ਸਫਲਤਾ ਹਾਸਲ ਕਰਨ ਲਈ, **ਹੰਭਲਾ ਸਾਡਾ-ਸਾਥ ਤੁਹਾਡਾ**। ਤੁਹਾਡੇ ਮਿਲਵਰਤਣ ਅਤੇ ਵਿਚਾਰਾਂ ਦੀ ਉਡੀਕ ਰਹੇਗੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

**ਸੁਦੇਸ਼ ਸਿੰਘ ਅਟਵਾਲ 510-376-5061, ਜਸਵੀਰ ਸਿੰਘ ਤੱਖਰ 510-755-2132**

## ਜਾਰੀ ਕਰਤਾ : ਪ੍ਰਮਜੀਤ ਸਿੰਘ ਸੇਖੋਂ (ਦਾਖਾ) ਪ੍ਰੈਸ ਸਕੱਤਰ


## ਬੇ ਏਰੀਆ ਸਿੱਖ ਅਲਾਇੰਸ

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਆਰੰਭ ਸ੍ਰੀ ਅਖੰਡ ਪਾਠ ਸਾਹਿਬ
14 ਫਰਵਰੀ
ਦਿਨ ਸ਼ੁੱਕਰਵਾਰ ਸਵੇਰੇ 10.00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
16 ਫਰਵਰੀ
ਐਤਵਾਰ, ਸਵੇਰੇ 9.30 ਵਜੇ




ਪਹੁੰਚ ਰਹੇ ਰਾਗੀ ਢਾਡੀ ਜਥੇ
ਭਾਈ ਬਲਦੇਵ ਸਿੰਘ,
ਭਾਈ ਹਰਜਿੰਦਰ ਸਿੰਘ ਰਸੀਆ (ਹੈਡ ਗ੍ਰੰਥੀ)
ਢਾਡੀ ਜਥਾ ਭਾਈ ਕਮਲਜੀਤ ਸਿੰਘ ਜੀ
(ਬਿਲਗੇ ਵਾਲੇ)

ਪਰਮ ਸਤਿਕਾਰਯੋਗ ਸਾਧ ਸੰਗਤ ਜੀਓ !

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ)ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 16, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

15 ਫਰਵਰੀ ਦਿਨ ਸ਼ਨੀਵਾਰ ਸ਼ਾਮ 3.30 ਵਜੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਜਾਵੇਗੀ।
2 ਫਰਵਰੀ ਦਿਨ ਐਤਵਾਰ ਅਤੇ 9 ਫਰਵਰੀ ਦਿਨ ਐਤਵਾਰ ਸਵੇਰ ਦੇ ਦੀਵਾਨਾਂ ਵਿਚ ਭਾਈ ਅੰਮ੍ਰਿਤਪਾਲ ਸਿੰਘ (ਸੰਗਰੂਰ ਵਾਲੇ) 11.00 ਵਜੇ ਤੋਂ 12.00 ਵਜੇ ਤੱਕ ਕੀਰਤਨ ਦੀ ਹਾਜ਼ਰੀ ਭਰਨਗੇ।
ਸੰਗਤ ਨੂੰ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੀ ਉਸਾਰੀ ਬਿਲਡਿੰਗ ਨੂੰ ਹੋਰ ਸੁੰਦਰ ਬਣਾਉਣ ਲਈ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਓ ਜੀ

**ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।**

ਲੰਗਰ ਦੇ ਸਟਾਲ ਦੀ ਸੇਵਾ ਲਈ ਸੰਪਰਕ ਕਰੋ: **ਕੇਵਲ ਜੱਖੂ : 209-241-4117, ਹਰਮੇਸ਼ ਬੰਗੜ: 925-895-4020**

## ਸੇਵਾਦਾਰ

ਚੇਅਰਪਰਸਨ
ਦੇਬੋ ਬੈਂਸ
ਵਾਈਸ ਚੇਅਰਮੈਨ
ਹਰਮੇਸ਼ ਬੰਗੜ

ਪ੍ਰਧਾਨ
ਸਲਿੰਦਰ ਸਿੰਘ ਭਾਟੀਆ
ਉਪ ਪ੍ਰਧਾਨ
ਨਿਰਮਲ ਰੱਤੂ

ਸੈਕਟਰੀ
ਅਭਿਸ਼ੇਕ
ਸਹਾਇਕ ਸੈਕਟਰੀ
ਕੇਵਲ ਜੱਖੂ

ਖਜ਼ਾਨਚੀ
ਗਿਆਨ ਸੁੰਮਨ
ਸਹਾਇਕ ਖਜ਼ਾਨਚੀ
ਕੁਲਵੰਤ ਬੰਗਾ




ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਦੇ ਮੈਂਬਰ ਅਤੇ ਹੋਰ

# INDIA MARKET

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

## SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ



ਕਸ਼ਮੀਰ ਸਿੰਘ ਹੀਰਾ






ਬਰਿੰਦਰ ਬੰਗੜ

**Sweets Spices Chaat House**

We accept EBT cards

**916-786-7666**

**1265 Pleasant Grove Blvd.**
**# 100 Roseville, CA 95747**

**We have the largest collection for Indian, Fijian & Pakistani Grocery**

Music, Fabric, Artificial Jewelry, Sweets, Fresh Vegetables & morel

We accept EBT cards

**916-338-5511**

**5203 Elkhorn Blvd.Sacramento, CA 95842**

Toll Free 1-866-FOR-RAJA
www.rajasweets.com
msbains@rajasweets.com

Follow us on:

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

**Fresh Sweets, Snacks & Food**

**Catering for All occasions up to 10000 guests**

**Lunch - Dinner - Take Out - Banquets**

### Raja Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111

### Raja™ Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com